ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਲੁਧਿਆਣਾ

MONTHLY **SURA** LUDHIANA


## ਧੁਰ ਕੀ ਬਾਣੀ ਆਈ ॥
## ਤਿਨਿ ਸਗਲੀ ਚਿੰਤ ਮਿਟਾਈ ॥


SEPT. 97 ਸਤੰਬਰ ੯੭



www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


੧ ਹਮ ਸਤਿਗੁਰ ਰਾਖੇ ਦੇ ਕਰਿ ਹਾਥ ੧
੨ ਧਰਮਰਾਇ ਦੀ ਦਰਗਾਹ ੪
੩ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਦਰਸ਼ਕ ਮਨੁੱਖ ੭
੪ ਰਾਗ ਮਾਲਾ ਪੜਚੋਲ ੧੧
੫ ਪਰਗਟ ਗੁਰਾਂ ਦੀ ਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੧੫
੬ ਸਰਬ ਰੋਗ ਕਾ ਅਉਖਦੁ ਨਾਮੁ (ਪੜਚੋਲ) ੧੭
੭ ਭੰਗਾਣੀ ਦਾ ਯੁਧ-ਉਦਾਸੀ ਮਹੰਤ ਕ੍ਰਿਪਾਲ ਦੀ ਜ਼ਬਾਨੀ
੮ ਸਿੱਖੀ ਭਾਵਨਾਵਾਂ ਨਾਲ ਖਿਲਵਾੜ ਕਦੋਂ ਤੱਕ ?
੯ ਭਗਤਾਂ ਦੀ ਬਾਣੀ ਕਿਵੇਂ ਰਚੀ ਗਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੋਈ
੧੦ 'ਗੁਰਬਾਣੀ' (ਕਵਿਤਾ)


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | | | |
|---|---|---|---|
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ | 2 ਸਤੰਬਰ | ਜੋਤੀ ਜੋਤ ਸ੍ਰੀ ਗੁਰੂ ਅਮਰਦਾਸ ਜੀ | 16 |
| ਗੁਰਿਆਈ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ | 4 ਸਤੰਬਰ | ਗੁਰਿਆਈ ਸ੍ਰੀ ਗੁਰੂ ਅਗੰਦ ਦੇਵ ਜੀ | 21 |
| ਜੋਤੀ ਜੋਤ ਸ੍ਰੀ ਗੁਰੂ ਰਾਮਦਾਸ ਜੀ | 5 ਸਤੰਬਰ | ਜੋਤੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ | 26 |
| ਗੁਰਿਆਈ ਸ੍ਰੀ ਗੁਰੂ ਰਾਮਦਾਸ ਜੀ | 15 ਸਤੰਬਰ | | |

## ਸੂਰਾ ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ


੧. ਲੁਧਿਆਣਾ – ਸਬ ਆਫ਼ਿਸ "ਸੂਰਾ"– ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ
੨. ਜਲੰਧਰ – ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਂਕ ਪੰਜ ਪੀਰ।
੩. ਹੁਸ਼ਿਆਰਪੁਰ – ਭਾਈ ਹਰਿਮੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਿਮੰਦਰ ਸਿੰਘ, ਬੈਂਕ ਬਾਜ਼ਾਰ।
੪. ਪਟਿਆਲਾ – ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁਰਦੁਆਰਾ ਦੁਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ – ਭਾਈ ਫੌਜਿੰਦਰ ਸਿੰਘ ਜੀ, ੫੩੩/੩ –ਏ ਫ਼ੇਜ਼ ਐਸ. ਏ. ਐਸ. ਨਗਰ,
੬. ਕਪੂਰਥਲਾ – ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।
੭. ਸਾਰੇ ਸਮਾਗਮਾਂ ਸਮੇ – ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਸ਼ੀ ਨਗਰ, ਫਿਰੋਜ਼ਪੁਰ
੮. ਬਠਿੰਡਾ – ਭਾਈ ਗੋਬਿੰਦ ਸਿੰਘ ਜੀ, ਮਕਾਨ ਨੰ: ੭੮੧੯, ਨੇੜੇ ਡੰਗਰਾਂ ਦਾ ਹਸਪਤਾਲ। ਫੋਨ: ੨੧
੯. ਮੋਗਾ – ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ ਜੀ ਟੀ ਰੋਡ ਫੋਨ: ੨੪੩੪੯, ੨
੧੦. ਅੰਮ੍ਰਿਤਸਰ – ਸਿੰਘ ਬ੍ਰਦਰਜ਼ ਬਾਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ: ੫੪੫੭੮੭ ਘਰ: ੨-
੧੧. ਯਮੁਨਾਨਗਰ – ਸ੍ਰ: ਪਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ ਪਿੰਨ ਕੋਡ–੧੩੫੦੦੧ ਫੋਨ:
੧੨. ਸੰਗਰੂਰ – ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩. ਫਗਵਾੜਾ – ਮਾ: ਗੁਰਦਿਆਲ ਸਿੰਘ ਜੀ,ਵਿਸ਼ਵਕਰਮਾਂ ਕਲੋਨੀ (ਨੇੜੇ ਵਿਸ਼ਕਰਮਾਂ ਮੰਦਰ) ਬੰਗਾ ਰੋਡ।
ਸੂਚਨਾ – ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ


## ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ


੧. ਇੰਗਲੈਂਡ – ਭਾਈ ਗੁਰਨਾਮ ਸਿੰਘ ਜੀ ੧੦–Lambourne Gardens, Earley Reading, Berks U.K. Tel ੦੧੭੩੪–੨੬
੨. ਅਮਰੀਕਾ – ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ, ਫੋਨ : ੧੮੦੦੭੨੨੬੨੧੨
੩. ਕੈਨੇਡਾ – ਭਾਈ ਰਿਪੁਦਮਨ ਸਿੰਘ ਜੀ ਮਲਿਕ, ਫੋਨ : ੧੮੦੦੬੬੩੦੨੨੪
੪. ਆਸਟਰੇਲੀਆ – ਭਾਈ ਪਰਸ਼ੋਤਮ ਸਿੰਘ ਜੀ, ਫੋਨ : ੦੦੬੧–੬੯੬੩੪੮੪੧
੫. ਨੀਊਜ਼ੀਲੈਂਡ – ਭਾਈ ਮਹਿੰਦਰ ਸਿੰਘ ਜੀ, ਫੋਨ : ੦੯੨੭੦੨੭੫੫


## ਉਤਰ ਪ੍ਰਦੇਸ਼ ਵਿਚ ਸੂਰਾ ਦੇ ਸੇਵਾਦਾਰ

ਬਰੇਲੀ ਅਤੇ ਹੋਰ ਲਾਗੇ ਦੇ ਸ਼ਹਿਰਾਂ ਦੇ ਪਾਠਕ ਤੇ ਹੋਰ ਪ੍ਰੇਮੀ ਜਨ ਸੂਰਾ ਦੇ ਚੰਦੇ ਜਾਂ ਹੋਰ ਸਹਾਇਤਾ ਲਿਖੇ ਪਤੇ ਤੇ ਵੀ ਭੇਜ ਸਕਦੇ ਹਨ:–

ਭਾਈ ਸੁਰਿੰਦਰ ਸਿੰਘ ਜੀ, ਦਸਮੇਸ਼ ਬਿਸਕੁਟ ਬੇਕਰੀ ਕੋਹਾੜਾ ਪੀਰ ਬਰੇਲੀ ਯੂ: ਪੀ:–243003


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੇ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਜਥੇ ਵਲੋਂ ੧੨–ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ ਇੰਡੀਆ, ਡੀ–੯੩, ਬਲਾਕ ੧੯, ਪਾਹਵਾ ਰੋਡ, ਲੁਧਿਆਣਾ


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।।

ਜਿਲਦ ੩੧
ਸਤੰਬਰ ੧੯੯੦
ਅੰਕ ੯

# ਸੂਰਾ
SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ ਚੰਦਾ — ਦੇਸ਼ : ੩੦.੦੦, ਵਿਦੇਸ਼ :ਸਮੁੰਦਰੀ ਡਾਕ......੧੦੦.੦੦, ਹਵਾਈ ਡਾਕ........੩੦੦.੦੦
ਅਮਾਨਤੀ ਲਾਈਫ ਮੈਂਬਰਸ਼ਿਪ — ਦੇਸ਼ :੩੦੦.੦੦, ਵਿਦੇਸ਼ :ਸਮੁੰਦਰੀ ਡਾਕ...੧,੦੦੦.੦੦, ਹਵਾਈ ਡਾਕ.....੩,੦੦੦.੦੦
ਚੰਦਾ ਭੇਜਣ ਦਾ ਪਤਾ — 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਉਨ, ਲੁਧਿਆਣਾ – ੧੪੧੦੦੨ (ਇੱਕ ਕਾਪੀ .... ੩.੦੦)

## ਹਮ ਸਤਿਗੁਰ ਰਾਖੇ ਦੇ ਕਰਿ ਹਾਥ

*ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ।।*
*ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ।।*
*ਭਾਈ ਮੀਤ ਕੁਟੰਬ ਦੇਖਿ ਬਿਬਾਦੇ।।*
*ਹਮ ਆਈ ਵਸਗਤਿ ਗੁਰ ਪਰਸਾਦੇ।।੧।।*
*ਐਸਾ ਦੇਖਿ ਬਿਮੋਹਿਤ ਹੋਇ।।*
*ਸਾਧਿਕ ਸਿਧ ਸੁਰ ਦੇਵ ਮਨੁਖਾ*
*ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ।।੧।। ਰਹਾਉ।।*
*ਇਕਿ ਫਿਰਹਿ ਉਦਾਸੀ ਤਿਨ੍ ਕਾਮਿ ਵਿਆਪੈ।।*
*ਇਕਿ ਸੰਚਹਿ ਗਿਰਹੀ ਤਿਨ੍ ਹੋਇ ਨ ਆਪੈ।।*
*ਇਕਿ ਸਤੀ ਕਹਾਵਹਿ ਤਿਨ੍ ਬਹੁਤੁ ਕਲਪਾਵੈ।।*
*ਹਮ ਹਰਿ ਰਾਖੇ ਲਗਿ ਸਤਿਗੁਰ ਪਾਵੈ।।੨।।*
*ਤਪੁ ਕਰਤੇ ਤਪਸੀ ਭੂਲਾਏ।।*
*ਪੰਡਿਤ ਮੋਹੇ ਲੋਭਿ ਸਬਾਏ।।*
*ਤ੍ਰੈ ਗੁਣ ਮੋਹੇ ਮੋਹਿਆ ਆਕਾਸੁ।।*
*ਹਮ ਸਤਿਗੁਰ ਰਾਖੇ ਦੇ ਕਰਿ ਹਾਥੁ।।੩।।*
*ਗਿਆਨੀ ਕੀ ਹੋਇ ਵਰਤੀ ਦਾਸਿ ।।*
*ਕਰ ਜੋੜੇ ਸੇਵਾ ਕਰੇ ਅਰਦਾਸਿ।।*
*ਜੋ ਤੂੰ ਕਹਹਿ ਸੁ ਕਾਰ ਕਮਾਵਾ।।*
*ਜਨ ਨਾਨਕ ਗੁਰਮੁਖਿ ਨੇੜਿ ਨ ਆਵਾ।। ੪।।੧।।*

(ਰਾਗੁ ਆਸਾ ਘਰ ੨ ਮਹਲਾ ੫, ਪੰਨਾ ੩੭੦)



www.AKJ.Org

ਵਿਆਖਿਆ:-

ਜਿਸ ਪ੍ਰਾਣੀ ਨੇ ਮਾਇਆ ਨਾਲਿ ਮੋਹ ਪਾਇਆ ਹੈ, ਮੋਹ ਮਮਤਾ ਮਈ ਪ੍ਰੀਤ ਲਾਈ ਹੈ, ਉਸ ਨੂੰ ਇਹ ਡਾਇਣ ਮਾਇਆ ਖਾ ਜਾਂਦੀ ਹੈ। ਜਿਸ ਕਿਸੇ ਨੇ ਇਸ ਨੂੰ ਆਦਰ ਦਿਤਾ ਹੈ ਉਸਨੂੰ ਇਸ ਨੇ ਉਲਟਾ ਬਹੁਤ ਭੈਜਲ ਦਿਖਾਇਆ ਹੈ। ਸਕਿਆਂ ਤੋਂ ਸਕੇ ਭਾਈ, ਪ੍ਰਸਪਰ ਮਿਤ੍ਰਚਾਰੀ ਰਖਣ ਵਾਲੇ ਮਿਤਰ ਸਜਨ ਅਤੇ ਕੁਟੰਬਾਂ ਦੇ ਜੀਵ (ਪਰਵਾਰਾਂ ਦੇ ਪਰਵਾਰ) ਮਾਇਆ ਕਾਰਨ ਲੜਿ ਲੜਿ ਅਤੇ ਖਹਿ ਖਹਿ ਮਰਦੇ ਹਨ। ਗੁਰੂ ਦੀ ਕਿਰਪਾ ਨਾਲਿ ਗੁਰਮੁਖਾਂ ਦੇ ਇਹ ਮਾਇਆ ਸਦਾ ਵਸਗਤਿ ਅਧੀਨ ਹੀ ਰਹਿੰਦੀ ਹੈ। ਪੋਹੰਦੀ ਨਹੀਂ। ਹੋਰ ਸਭਨਾਂ ਨੂੰ ਪੋਹ ਮੋਹ ਲੈਂਦੀ ਹੈ, ਚਾਹੇ ਕਿਤਨੇ ਹੀ ਆਨਮਤ ਕਰਮਾਂ ਦੇ ਕਰਨਹਾਰੇ ਹੋਣ। ਕੇਵਲ ਗੁਰਮੁਖਾਂ ਨੇ ਹੀ ਏਸ ਉਤੇ ਆਪਣਾ ਵਸੀਕਾਰ ਪਾਇਆ ਹੈ। ਮਾਇਆ ਦਾ ਐਸਾ ਪ੍ਰਭਾਵ ਹੈ ਕਿ ਇਸ ਨੂੰ ਦੇਖ ਕੇ ਗੁਰਮੁਖਾਂ ਤੋਂ ਬਿਨਾਂ ਸਭੇ ਹੀ ਅਨਮਤਿ ਕਰਮਚਾਰੀ ਬਿਲਕੁਲ ਮੋਹੇ ਜਾਂਦੇ ਹਨ। ਕਰੜੀਆਂ ਸਾਧਨਾਂ ਵਾਲੇ ਸਿਧ ਦੇਵਤੇ ਅਤੇ ਮਨੁਖ ਇਸ ਠੱਗਣੀ ਨੇ ਸਭ ਠਗ ਲਏ ਹਨ। ਬਚੇ ਹਨ ਤਾਂ ਗੁਰੂ ਘਰ ਦੇ ਗੁਰਮੁਖਿ ਸਾਧੂ ਜਨ ਹੀ, ਨਾਮ ਦੇ ਪਰਤਾਪਿ ਕਰਿ ਬਚੇ ਹਨ। ਅਗਿਣਤ ਐਸੇ ਲੋਗ ਹਨ ਜੋ ਗ੍ਰਿਹਸਤ ਤੋਂ ਉਪਰਾਮ ਹੋ ਕੇ ਉਦਾਸੀ ਭੇਖ ਧਾਰਨ ਕਰ ਕੇ ਅਤੇ ਸੰਨਿਆਸੀ ਬਣ ਕੇ ਬਣਾਂ ਵਿਚਿ ਜਾ ਬਿਚਰਦੇ ਹਨ, ਤਿਨ੍ਹਾਂ ਨੂੰ ਭੀ ਮਾਇਆ ਦੀ ਕਾਮਨਾ ਜਾ ਵਿਆਪਦੀ ਹੈ। ਬਨਿ ਬੈਠਿਆਂ ਅਤੇ ਗ੍ਰਿਹਸਤੋਂ ਬਾਹਰ ਫਿਰਦਿਆਂ ਨੂੰ ਭੀ ਜਾ ਚਿਮੜਦੀ ਹੈ। ਜਿਹੜੇ ਗ੍ਰਿਹਸਤੀ ਹਨ, ਗ੍ਰਿਹਸਤੀ ਬਣ ਕੇ ਗ੍ਰਿਹਸਤ ਧਰਮ ਧਾਰਨ ਕਰਦੇ ਹਨ, ਆਨਮਤਾਂ ਦੇ ਆਸਰੇ ਆਨਮਤ ਕਰਮ ਧਰਮ ਕਰਦੇ ਹਨ। ਉਹ ਏਸ ਮਾਇਆ ਨੂੰ ਇੱਕਠੀ ਕਰਨ ਵਿਚ ਰਚ ਪਚ ਜਾਂਦੇ ਹਨ। ਪਰ ਉਹ ਇਹਨਾਂ ਦੀ ਬਣਦੀ ਨਹੀਂ। ਇਹਨਾਂ ਦੇ ਕਾਬੂ ਵਿਚਿ ਨਹੀਂ ਰਹਿੰਦੀ, ਸਗੋਂ ਧੋਖਾ ਦੇ ਜਾਂਦੀ ਹੈ। ਪਏ, ਐਵੇਂ ਖਪਿ ਖਪਿ ਮਰਦੇ ਹਨ ਮਇਆਧਾਰੀ। ਜਿਨ੍ਹਾਂ ਦੇ ਘਰਿ ਬਹੁਤੀ ਹੁੰਦੀ ਹੈ ਉਹ ਚਿੰਤਾ ਰੋਗ ਦੇ ਗ੍ਰਸੇ ਰਹਿੰਦੇ ਹਨ। ਜਿਨ੍ਹਾਂ ਕੋਲੋ ਥੋੜੀ ਹੁੰਦੀ ਹੈ, ਦੁਆਰੇ ਦੁਆਰੇ ਭਰਮਦੇ ਫਿਰਦੇ ਹਨ। ਇਕਿ ਗ੍ਰਿਹਸਤ ਵਿਚਿ ਰਹਿ ਕੇ ਸਤਿ ਧਰਮੀ ਸਦਾਉਂਦੇ ਹਨ। ਤਿਨ੍ਹਾਂ ਨੂੰ ਸਗੋਂ ਇਹ ਮਾਇਆ ਹੋਰ ਕਲਪਾਉਂਦੀ ਹੈ, ਭਾਂਤ ਭਾਂਤ ਰੂਪਾਂ ਵਿਚਿ ਭਾਂਤ ਭਾਂਤ ਦੇ ਦੁਖ ਦੇ ਕੇ ਕਣਤਾਉਂਦੀ ਸਤਾਉਂਦੀ ਹੈ ਅਤੇ ਉਹਨਾਂ ਦੇ ਸਤਿ ਧਰਮ ਨੂੰ ਭੰਗ ਕਰ ਦਿੰਦੀ ਹੈ। ਇਹਨਾਂ ਆਨਮਤੀਆਂ ਦੇ ਆਨਮਤਿ ਸਤਿ ਧਰਮ ਕਰਮ ਨੂੰ ਭ੍ਰਸ਼ਟ ਕਰ ਦਿੰਦੀ ਹੈ। ਤਿਨ੍ਹਾਂ ਦੇ ਕੀਤੇ ਧਰਮ ਕਰਮ ਮਾਇਆ ਉਤੇ ਕਾਬੂ ਨਹੀਂ ਪਾ ਸਕਦੇ ਸਗੋਂ ਇਹ ਧਰਮੀ ਕਰਮੀ ਆਪਿ ਹੀ ਉਸ ਦੇ ਕਾਬੂ ਵਿਚਿ ਆ ਜਾਂਦੇ ਹਨ। ਮਾਇਆ ਦੇ ਪੰਜੇ ਵਿਚਿ ਫਸ ਕੇ ਜਕੜੇ ਜਾਂਦੇ ਹਨ। ਗੁਰੂ ਦੇ ਸਿਖ ਹੀ ਗ੍ਰਿਹਸਤ ਧਰਮ ਵਿਚਿ ਰਹਿ ਕੇ ਗੁਰਮਤਿ ਕਰਮ ਧਰਮ ਕਰਦਿਆਂ ਸਤਿਗੁਰੂ ਗੁਰੂ ਨਾਨਕ ਦੇ ਚਰਨ-ਸਰਨੀ ਧਿਆਨ ਧਰਦੇ ਹੋਏ ਇਸ ਮਾਇਆ ਤੋਂ ਅਲੇਪ ਰਹਿ ਸਕਦੇ ਹਨ। ਸਦਾ ਅਲੇਪ ਹੀ ਰਹਿੰਦੇ ਹਨ। ਤਿਨ੍ਹਾਂ ਨੂੰ ਕੋਈ ਲੇਸ ਨਹੀਂ ਲਗਦਾ, ਇਸ ਬਪੁੜੀ ਮਾਇਆ ਦਾ। ਤਪ ਕਰਨਹਾਰੇ ਤੱਪਸੀਆਂ, ਆਨਮਤ ਦੇ ਬੜੇ ਤਪੀਸ਼ਰਾਂ ਨੂੰ ਇਸ ਮਾਇਆ ਨੇ ਭੁਲਾ ਕੇ ਸਤਿ ਮਾਰਗ ਤੋਂ ਤੱਤ ਪਰਮਾਰਥ ਤੋਂ ਗੁਮਰਾਹ ਕਰਿ ਦਿਤਾ ਹੈ। ਗੁਮਰਾਹ ਕੀ ? ਸਗੋਂ ਤਿਨ੍ਹਾਂ ਤਪੱਸੀਆਂ ਨੂੰ ਇਹ ਪਰਮਾਰਥ ਵਲ ਲਗਣ ਹੀ ਨਹੀਂ ਦਿੰਦੀ। ਬਥੇਰਾ ਆਨਮਤ ਦਾ ਤਪ ਕਰਿ ਕਰਿ ਤਪੀਸ਼ਰ ਜਨ ਜ਼ੋਰ ਲਾ ਥਕਦੇ ਹਨ। ਉਹਨਾਂ ਦੇ ਕੀਤੇ ਤਪ ਕਿਸੇ ਬਿਲੇ ਨਹੀਂ ਲਗਦੇ। ਐਸੀ ਕਰਮ ਕਮਾਉਂਣੀ ਉਹਨਾਂ ਤੇ ਪੈਂਦੀ ਹੈ ਕਿ ਉਹ ਮਾਇਆ ਵਿਚਿ ਹੀ ਉਲਝ ਜਾਂਦੇ ਹਨ, ਤਪ ਕਰਨੋਂ ਹੀ ਰਹਿ ਖੜੋਂਦੇ ਹਨ। ਬੜੇ ਬੜੇ ਬੇਦਵੇਤਾ ਪੰਡਿਤ ਬੇਦਾਚਾਰੀ, ਕਰਮਾਂ ਧਰਮਾਂ ਦੇ ਪੁਜਾਰੀ ਸਾਰੇ ਮਾਇਆ ਮੋਹ ਵਿਚਿ ਲੋਭਾਏ ਜਾਂਦੇ ਹਨ, ਮਾਇਆ ਉਹਨਾਂ ਨੂੰ ਭੀ ਲੋਭਾਇ ਲੈਂਦੀ ਹੈ। ਕੋਈ ਭੀ ਸੁੱਕਾ ਨਹੀਂ ਬਚਦਾ। ਇਸ ਧਰਤੀ ਤੇ ਤ੍ਰੈਗੁਣੀ ਜੀਵ ਸਾਰੇ ਮਾਇਆ ਦੇ ਹੀ ਫੱਟੇ, ਮੋਹੇ ਤੇ ਜਕੜੇ ਹੋਏ ਹਨ ਅਤੇ ਗਗਨ-ਮੰਡਲੀ ਤਾਰਾਗਣ ਪ੍ਰਿਥਵੀਆਂ ਦੇ ਆਕਾਸ਼ ਵਾਸੀ ਦੇਵ ਲੋਗ ਭੀ ਮਾਇਆ ਦੇ ਮੋਹੇ ਪਏ ਹਨ। ਕੇਵਲ ਸਤਿਗੁਰੂ ਨਾਨਕ ਸਾਹਿਬ ਦੀ ਛਤਰ-ਛਾਇਆ ਹੇਠ ਰਹਿਣ ਵਾਲਿਆਂ ਗੁਰਮੁਖ ਜਨਾਂ ਨੂੰ ਹੀ ਸਤਿਗੁਰੂ ਹੱਥ ਦੇ ਕੇ ਰਖਦਾ ਹੈ। ਜਿਨ੍ਹਾਂ ਨੂੰ ਸੱਚੇ ਸਤਿਗੁਰੂ ਨੇ ਗੁਰਮਤਿ ਗਿਆਨ ਬਖਸ਼ਿਆ ਹੈ, ਤਿਨ੍ਹਾਂ ਨਾਮ ਹੁਲਾਸੀ, ਰਸ-ਜੋਤਿ ਵਿਗਾਸੀ ਗਿਆਨੀਆਂ ਦੀ ਇਹ ਮਾਇਆ ਉਲਟੀ ਦਾਸੀ ਬਣ ਕੇ ਰਹਿੰਦੀ ਹੈ। ਹੱਥ ਜੋੜ ਕੇ ਅਰਦਾਸ ਕਰਦੀ ਹੈ, ਗੁਰਮੁਖ ਗਿਆਨ-ਪ੍ਰਕਾਸ਼ੀ ਸਿਖ ਦੇ ਅਗੇ ਕਿ ਜੋ ਤੁਸੀਂ ਫੁਰਮਾਉਗੇ ਓਹੀ ਕਾਰ ਕਮਾਵਾਂਗੀ। ਗੁਰੂ ਨਾਨਕ ਦੇ ਵਰੋਸਾਏ ਗੁਰਮੁਖਾਂ ਦੇ ਨੇੜੇ ਨਹੀਂ ਜਾਵਾਂਗੀ। ਦੂਰ ਹੀ ਹਥ ਜੋੜ ਕੇ ਖੜੀ ਰਹਾਂਗੀ। ਕਰਮ ਧਰਮ ਦੀ ਤੱਤ ਸਾਰ ਸੋਝੀ ਤੋਂ ਸੱਖਣੇ ਆਨਮਤੀ ਲੋਕਾਂ ਦੀ ਮੁਕਤੀ ਵਲ



www.AKJ.Org

ਸੁਰਤੀ ਨਹੀਂ। ਉਹਨਾਂ ਨੂੰ ਮੁਕਤੀ ਕਦਾਚਿਤ ਪ੍ਰਾਪਤ ਨਹੀਂ ਹੋ ਸਕਦੀ। ਸ਼ਬਦ-ਸੁਰਤਿ ਦੇ ਪਰਮਾਰਥੀ ਪੰਥ ਉਤੇ ਉਹ ਪੈਂਦੇ ਹੀ ਨਹੀਂ, ਜਿਸ ਦੇ ਜ਼ਰੀਏ ਕਿ ਪਰਮਾਰਥ ਦੀ ਮੰਜ਼ਲ ਦੀ ਟੀਸੀ ਤੇ ਪਹੁੰਚੀਦਾ ਹੈ। ਇਸ ਪਰਮ ਪਦ ਨੂੰ ਗੁਰੂ ਨਾਨਕ ਸਾਹਿਬ ਦੇ ਘਰ ਦੇ ਗੁਰਮੁਖ ਸਿਖ ਹੀ ਗੁਰਸ਼ਬਦ ਦੀ ਬਰਕਤ ਨਾਲਿ ਪ੍ਰਾਪਤਿ ਹੁੰਦੇ ਹਨ। ਉਹ ਦਿਨ ਰਾਤਿ ਸਿਫਤਿ ਸਾਲਾਹ ਦੇ ਸੱਚੜੇ ਗੁਰਮਤਿ ਕਰਮ ਦੀ ਅਭਿਆਸ ਕਮਾਈ ਵਿਚਿ ਹੀ ਜੁਟੇ ਰਹਿੰਦੇ ਹਨ। ਆਨਮਤੀਆਂ ਵਾਲੇ ਹੋਰ ਕਰਮ ਕਰਨ ਦੀ ਉਹਨਾਂ ਨੂੰ ਲੋੜ ਨਹੀਂ। ਇਹਨਾਂ ਫੋਕੇ ਆਨਮਤ ਕਰਮਾਂ ਵਿਚਿ ਉਹ ਪੈਂਦੇ ਹੀ ਨਹੀਂ। ਯਥਾ ਗੁਰਵਾਕ :-

ਕਰਮ ਧਰਮ ਕੀ ਸਾਰ ਨ ਜਾਣੈ
ਸੁਰਤਿ ਮੁਕਤਿ ਕਿਉ ਪਾਈਐ।।
ਨਾਨਕ ਗੁਰਮੁਖਿ ਸਬਦਿ ਪਛਾਣੈ
ਅਹਿਨਿਸਿ ਨਾਮੁ ਧਿਆਈਐ।।੧।।
(੪।।੩) (ਆਸਾ ਮ: ੧, ਪੰਨਾ ੪੩੭)

ਸਗਲੇ ਆਨਮਤਿ ਕਰਮਾਂ ਨੂੰ ਅਗਲੇ ਗੁਰਵਾਕ ਅੰਦਰਿ ਗਿਣ ਗਿਣ ਕੇ ਰੱਦ ਕੀਤਾ ਹੈ। ਯਥਾ ਗੁਰਵਾਕ :-

ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ।।
ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ।।
ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ।।
ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ।।
ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ।।
ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ।।੨।। (੮)
(ਸਲੋਕ ਮ: ੧, ਪੰਨਾ ੪੬੭)

ਮਹਿਜ਼ ਇਖ਼ਲਾਕੀ ਨੇਕੀਆਂ ਹਉਮੈ ਭਰੀਆਂ ਚੰਗਿਆਈਆਂ ਦੇ ਕਰਮ ਕਰ ਕੇ ਭਾਵੇਂ ਕੋਈ 'ਲਖ ਪੁੰਨਾ' ਨਾਉ ਵਾਲਾ ਪ੍ਰਸਿਧ ਪੁੰਨ ਕਰਮੀ ਮਸ਼ਹੂਰ ਹੋ ਗਿਆ ਹੋਵੇ ਅਤੇ ਉਸਦਾ ਨਾਉਂ ਲਖ-ਪੁੰਨਾ (ਲਖ ਪੁੰਨ ਕਰਨ ਵਾਲਾ) ਪੈ ਗਿਆ ਹੋਵੇ ਤਾਂ ਭੀ ਉਸ ਦੇ ਲਖ ਪੁੰਨ ਕਰਮ ਲਖਾਂ ਨੇਕੀਆਂ ਚੰਗਿਆਈਆਂ ਵਾਲੇ ਕੀਤੇ ਲੇਖ ਨਹੀਂ ਪੈਂਦੇ। ਨਿਰਾ ਹਉਮੈ ਹੀ ਵਧਾਉਂਦੇ ਹਨ, ਹਉਮੈ ਨੂੰ ਪੱਠੇ ਪਾਉਂਦੇ ਹਨ। ਤੀਰਥਾਂ ਤੇ ਜਾ ਜਾ ਕੇ ਨਿਵਾਸ ਕਰ ਕਰ ਕੇ ਭਾਵੇਂ ਲਖਾਂ ਤਪ ਕੀਤੇ ਜਾਣ, ਬੀਆਬਾਨਾਂ ਜੰਗਲਾਂ ਵਿਚਿ ਜਾ ਕੇ ਜੋਗੀਆਂ ਦੇ ਦਸਮ ਦੁਆਰ ਵਿਚਿ ਪ੍ਰਾਣ ਚਾੜ੍ਹ ਕੇ ਸਮਾਧੀ ਲਾਉਣ ਦੇ ਸਾਧਨ ਰੂਪੀ ਨਾਮ-ਧ੍ਰੀਕ ਸਹਿਜ ਯੋਗ ਅਭਿਆਸ ਕਰਮ ਭਾਵੇਂ ਲਖ ਕਮਾਏ ਜਾਣ,
ਤੁਰਾ

ਹਉਮੈ ਅੰਦਰਿ ਮੈਦਾਨੇ ਜੰਗ ਜੂਝੇ ਜਾਣ, ਓੜਕ ਜੰਗ ਯੁਧ ਦੀ ਰਣ ਭੂਮੀ ਵਿਚਿ ਹੀ ਲੜ ਕੇ ਪ੍ਰਾਣ ਤਿਆਗੇ ਜਾਣ, ਸੁਰਤੀਆਂ ਸਿਮਰਤੀਆਂ ਦੇ ਲਖਾਂ ਪਾਠ ਅਤੇ ਏਹਨਾਂ ਸੁਰਤੀਆਂ ਸਿਮਰਤੀਆਂ ਦੇ ਅਨੁਸਾਰੀ ਲਖਾਂ ਗਿਆਨ ਧਿਆਨ ਸਾਧੇ ਜਾਣ, ਅਤੇ ਬੇਦਾਂ ਪੁਰਾਣਾਂ ਨੂੰ ਲਖਾਂ ਵਾਰ ਭਾਵੇਂ ਪੜ੍ਹਿਆ ਘੋਖਿਆ ਜਾਵੇ, ਇਹ ਸਭ ਉਪਰ ਵਰਨਣ ਕੀਤੀਆਂ ਆਨਮਤ ਮਤੀਆਂ ਸਭ ਮਿਥਿਆ ਹਨ। ਅਤੇ ਏਹਨਾਂ ਆਨਮਤ ਮਤੀਆਂ ਅਨੁਸਾਰੀ ਕਰਮ ਕੀਤੇ ਭੀ ਮਿਥਿਆ ਅਤੇ ਬਿਰਥੇ ਹੀ ਹਨ। ਝੂਠ ਮਤਾਂਤਰੀ ਕਰਮ ਭੀ ਸਭ ਝੂਠੇ ਹਨ। ਕ਼ਾਰਨ ਕਰਨ ਸਮਰੱਥ ਕਰਤੇ ਕਰਨਹਾਰ ਨੇ ਉਹਨਾਂ ਦੀ ਕਿਸਮਤ ਵਿਚਿ ਆਵਣ ਜਾਣ ਹੀ ਲਿਖਿਆ ਹੈ। ਭਾਣੇ ਦੇ ਮਾਲਕ ਦੀ ਭਾਣੇ ਦੀ ਖੇਡ ਅੰਦਰ ਉਪਰਲੇ ਆਨਮਤ ਕਰਮਾਂ ਦੇ ਕਰਨਹਾਰੇ ਸਭੇ ਚੁਰਾਸੀ ਦੇ ਗੇੜ ਵਿਚਿ ਹੀ ਪੈਂਦੇ ਹਨ। ਇਸ ਕਰਕੇ ਇਹ ਸਭੇ ਆਨਮਤ ਮਤ-ਮਤਾਂਤਰੀ ਮਤੀਆਂ ਵਾਲੇ ਕਰਮ ਅਸੱਤ (ਝੂਠੇ) ਹਨ। ਗੁਰਮਤਿ ਜਪ-ਨੀਸਾਨੀ ਕਰਮੁ ਹੀ ਸੱਚਾ ਹੈ, ਅਰਥਾਤ ਸਿਫਤ ਸਾਲਾਹ ਹੀ ਸੱਚਾ (ਸਤਿ) ਕਰਮੁ ਹੈ, ਹੋਰ ਸਭ ਕਰਮ ਤੋੜ ਨਾ ਨਿਭਣ ਵਾਲੇ ਹੋਣ ਕਰਕੇ ਮਿਥਿਆ ਹੀ ਹਨ। ਕਰਨਹਾਰ ਪ੍ਰਾਣੀ ਨੂੰ ਸਹਾਈ ਨਹੀਂ ਹੁੰਦੇ, ਨਾ ਐਥੇ (ਇਸ ਲੋਕ ਵਿਖੇ) ਨਾ ਓਥੇ (ਅਗਲੇ ਲੋਕ ਅਰਥਾਤ ਪਰਲੋਕ ਵਿਖੇ)।

ਤ੍ਰੈਕਾਲ-ਦਰਸੀ ਸਾਹਿਬੇ ਕਸ਼ਫ ਸਤਿਗੁਰੂ ਨਾਨਕ ਪੰਚਮ ਗੁਰੂ ਨੇ ਸਾਰੇ ਸ਼ਾਸਤਰ ਬੇਦ ਸੋਧ ਕੇ ਦੇਖ ਲਏ ਅਤੇ ਸਿਮ੍ਰਿਤੀਆਂ ਦਾ ਤੱਤ ਭੀ ਨਿਚੋੜ ਕੇ ਭਾਂਪ ਲਿਆ। ਇਨ੍ਹਾਂ ਦੇ ਪੜ੍ਹਿਆਂ, ਇਹਨਾਂ ਦੀ ਅਨੁਸਾਰਤਾ ਅਨੁਸਾਰ ਕਰਮ ਕਮਾਇਆਂ ਕਿਸੇ ਭੀ ਪ੍ਰਾਣੀ ਦਾ ਨਿਸਤਾਰਾ ਨਹੀਂ ਹੋ ਸਕਦਾ। ਨਿਸਤਾਰਾ ਕਰਨਹਾਰ ਭਵ-ਸਾਗਰ ਤੋਂ ਪਾਰ-ਉਤਾਰਨਹਾਰ, ਉਧਾਰਨਹਾਰ ਹੈ ਤਾਂ ਦੀਨਾਂ ਨਾਥ ਪ੍ਰਾਨਪਤਿ ਪੂਰਨ ਪਾਰਬ੍ਰਹਮ ਪੂਰਾ ਪ੍ਰਭੂ ਪਰਮਾਤਮਾ ਅਤੇ ਪੂਰੇ ਪ੍ਰਭੂ ਦਾ ਪੂਰਾ ਨਾਮ ਹੀ ਹੈ, ਜੋ ਕੇਵਲ ਗੁਰਮਤਿ ਦੁਆਰਾ ਹੀ ਕਮਾਇਆ ਅਭਿਆਸਾਇਆ ਜਾ ਸਕਦਾ ਹੈ ਅਨਮਤਿ ਮਤਾਂਤਰੀ ਕਰਮ ਕਮਾਏ ਸਭ ਬੇਅਰਥ ਹਨ। ਯਥਾ ਗੁਰਵਾਕ :-

ਸਾਸਤ੍ਰ ਬੇਦ ਪੁਰਾਨ ਅਵਿਲੋਕੇ ਸਿਮ੍ਰਿਤਿ ਤਤੁ ਬੀਚਾਰਾ।।
ਦੀਨਾਨਾਥ ਪ੍ਰਾਨਪਤਿ ਪੂਰਨ ਭਵਜਲ ਉਧਰਨਹਾਰਾ।।੧।।
(ਦੇਵ ਗੰਧਾਰੀ ਮਹਲਾ ੫, ਪੰਨਾ ੫੩੨)

(ਬਾਕੀ ਪੰਨਾ ੧੪ ਤੇ)



www.AKJ.Org

# ਧਰਮਰਾਇ ਦੀ ਦਰਗਾਹ

(ਵਲੋਂ-ਗੁਰਪੁਰ ਵਾਸੀ ਭਾਈ ਰਣਧੀਰ ਸਿੰਘ ਜੀ)

ਆਹ ! ਅਗਾ ਸਵਾਰਨ ਲਈ ਕੈਸਾ ਪਿਆਰ ਉਪਕਾਰ ਭਰਿਆ ਗੁਰਵਾਕ ਉਚਾਰਨ ਹੋਇਆ ਹੈ। ਗੁਰੂ ਪੰਚਮ ਪਾਤਸ਼ਾਹ ਕੈਸੀ ਤਾਕੀਦੀ ਪਿਆਰ-ਲੋਰੀ ਦਿੰਦੇ ਹਨ। ਯਥਾ ਗੁਰਵਾਕ :-

ਹਰਿਨਾਮੁ ਲੇਹੁ ਮੀਤਾ ਲੇਹੁ
ਆਗੈ ਬਿਖਮ ਪੰਥੁ ਭੈਆਨ।। ੧।। ਰਹਾਉ।।
ਸੇਵਤ ਸੇਵਤ ਸਦਾ ਸੇਵਿ,
ਤੇਰੈ ਸੰਗਿ ਬਸਤੁ ਹੈ ਕਾਲੁ।।
ਕਰਿ ਸੇਵਾ ਤੂੰ ਸਾਧ ਕੀ,
ਹੋ ਕਾਟੀਐ ਜਮ ਜਾਲੁ।।੧।।
ਹੋਮ ਜਗ ਤੀਰਥ ਕੀਏ,
ਬਿਚਿ ਹਉਮੈ ਬਧੇ ਬਿਕਾਰ।।
ਨਰਕੁ ਸੁਰਗੁ ਦੁਇ ਭੁੰਚਨਾ,
ਹੋਇ ਬਹੁਰਿ ਬਹੁਰਿ ਅਵਤਾਰ।।੨।।
ਸਿਵਪੁਰੀ ਬ੍ਰਹਮ ਇੰਦ੍ਰਪੁਰੀ ਨਿਹਚਲੁ ਕੋਥਾਉ ਨਾਹਿ।।
ਬਿਨੁ ਹਰਿ ਸੇਵਾ ਸੁਖੁ ਨਹੀਂ,
ਹੋ ਸਾਕਤ ਆਵਹਿ ਜਾਹਿ।।੩।।
ਜੈਸੋ ਗੁਰਿ ਉਪਦੇਸਿਆ,
ਮੈ ਤੈਸੋ ਕਹਿਆ ਪੁਕਾਰਿ।।
ਨਾਨਕ ਕਹੈ ਸੁਨਿ ਰੇ ਮਨਾ,
ਕਰਿ ਕੀਰਤਨੁ ਹੋਇ ਉਧਾਰ।।੪।।੧।।੧੫੯।।

(ਰਾਗ ਗੌੜੀ ਮਾਲਵਾ ਮਹਲਾ ੫, ਪੰਨਾ ੨੧੪)

ਅਸਾਡੇ ਤੇ ਤਰਸ ਖਾ ਕੇ ਪਰਮਾਰਥ-ਜਗਿਆਸੂਆਂ ਅਲਪੱਗ ਜੀਵਾਂ ਨੂੰ 'ਮੀਤਾ' ਪਦ ਨਾਲ ਸੰਬੋਧਨ ਕਰ ਕੇ ਗੁਰੂ ਸਾਹਿਬ ਫ਼ੁਰਮਾਉਂਦੇ ਹਨ- ਐ ਮੇਰੇ ਮਿਤਰ ! ਖਿਨ ਖਿਨ ਨਾਮ ਲੇਹੁ, ਨਾਮ ਹੀ ਸੰਗ੍ਰਹਿ ਕਰਹੁ, ਮਤ ਬਿਲਮ ਨਾ ਕਰਹੁ, ਕਿਉਂਕਿ ਅਗੇ ਬੜਾ ਹੀ ਭਿਆਨਕ ਬਿਖੜਾ ਪੈਂਡਾ ਹੈ, ਜੋ ਕੇਵਲ ਨਾਮ ਦੇ ਜਪਿਆਂ ਹੀ ਕਟਿਆ ਜਾਣਾ ਹੈ। ਮਤ ਖ਼ਿਆਲ ਕਰ ਕਿ ਮਰਨਾ ਨਹੀਂ। ਕਾਲ ਤਾਂ ਤੇਰੇ ਸਿਰ ਤੇ ਖੜਾ ਹੈ। ਤਾਂ ਤੇ ਸਿਮਰਨ ਵਿਚ ਦੇਰ ਨਾ ਕਰ। ਸਦਾ ਸਿਮਰਨ-ਮਈ ਭਗਤਿ ਕਰੀ ਜਾਹੁ, ਨਾਮ-ਰਤੜੇ ਸਾਧ ਜਨਾਂ ਦੀ ਸੇਵਾ-ਸਿਮਰਨ ਕੀਤਿਆਂ ਹੀ ਜਮ ਰੂਪੀ ਕਾਲ ਦੇ ਜਾਲ ਕਟੇ ਜਾਣੇ ਹਨ, ਇਹ ਸਾਧ-ਗੁਰ-ਸੇਵਾ-ਸਿਮਰਨ ਕੇਵਲ ਗੁਰੂ ਨਾਨਕ ਸਾਹਿਬ ਦੇ ਧੁਰੋਂ ਹੀ ਪ੍ਰਾਪਤ ਹੈ। ਅਨਮਤ ਦ੍ਰਿੜਾਏ ਹੋਮ-ਜੱਗ ਤੀਰਥ ਆਦਿਕ ਕਰਮ ਕੀਤੇ ਕਿਸੇ ਭੀ ਕੰਮ ਨਹੀਂ, ਨ ਕਿਸੇ ਲੇਖੇ ਪੈਣੇ ਹਨ। ਏਹ ਕਰਮ ਸਭ ਹਉਮੈ ਅੰਦਰ ਹੀ ਕੀਤੇ ਜਾਂਦੇ ਹਨ, ਹਉਮੈ ਦੇ ਬੰਧਨ ਹੀ ਪੈਂਦੇ ਹਨ। ਕਿਉਂਕਿ ਹਉਮੈ ਵਿਚ ਕੀਤੇ ਕਰਮਾਂ ਕਰਕੇ ਹੰਕਾਰ ਹੀ ਵਧਦਾ ਹੈ। ਨਰਕ ਸੁਰਗ ਵਾਰੋ ਵਾਰ ਭੁਗਤਣੇ ਪੈਂਦੇ ਹਨ, ਦੋਹਾਂ ਨੂੰ ਭੋਗ ਭੋਗ ਕੇ ਮੁੜ ਜੂਨਾਂ ਵਿਚ ਪੈਣਾ ਪੈਂਦਾ ਹੈ। ਸ਼ਿਵਪੁਰੀ, ਬ੍ਰਹਮਪੁਰੀ, ਇੰਦ੍ਰਪੁਰੀਆਂ ਵਿਚ ਭਉਣਾ ਪੈਂਦਾ ਹੈ। ਨਾ ਹੀ ਪੁਰੀਆਂ ਵਾਲੇ ਥਾਉਂ ਨਿਹਚਲ ਹਨ, ਨ ਏਹਨਾਂ ਦਾ ਵਾਸਾ ਨਿਹਚਲ ਹੈ। ਬਿਨਾਂ ਸਚੇ ਨਾਮ ਰੂਪੀ ਹਰਿ ਸੇਵਾ ਦੇ ਸਚੇ ਸੁਖ ਦੀ ਪ੍ਰਾਪਤੀ ਕਿਤੇ ਭੀ ਨਹੀਂ। ਨਾਮ ਬਿਨਾਂ ਸਭ ਸਾਕਤ ਦੁਹੇਲੇ ਹਨ। ਸਭਨਾਂ ਨੂੰ ਆਵਾਗਉਣ ਦੇ ਗੇੜ ਵਿਚ ਪੈਣਾ ਪਊ। ਜੈਸਾ ਧੁਰੋਂ ਗੁਰ ਉਪਦੇਸ਼ ਉਤਰਿਆ ਹੈ, ਉਸੇ ਅਨੁਸਾਰ ਗੁਰੂ ਦੇ ਮੁਖਾਰਬਿੰਦ ਤੋਂ ਇਹ ਪੁਕਾਰ ਪੁਕਾਰੀ ਗਈ ਹੈ। ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ ਕਿ ਕੇਵਲ ਸਿਫ਼ਤ ਸਲਾਹ, ਹਰੀ-ਜਸ ਕੀਰਤਨ ਦੁਆਰਾ ਹੀ ਉਧਾਰ ਹੁੰਦਾ ਹੈ, ਸੋ ਕਰੀ ਚਲੋ। ਇਸ ਉਪਦੇਸ਼ ਨੂੰ ਸੁਣ ਕੇ ਸਿਦਕਵਾਨਾਂ ਗੁਰਸਿਖਾਂ ਨੂੰ ਤਾਂ ਕੋਈ ਸੰਦੇਹ ਨਹੀਂ ਰਹਿੰਦਾ ਕਿ ਜੋ ਕੁਝ ਇਸ ਗੁਰਵਾਕ ਅੰਦਰ ਉਪਦੇਸ਼ਿਆ ਗਿਆ ਹੈ ਸੋ ਸਭ ਸਚ ਤੇ ਯਥਾਰਥ ਹੈ। ਇਸ ਗੁਰਵਾਕ ਦੁਆਰਾ ਹੇਠ ਲਿਖੀਆਂ ਗੱਲਾਂ ਸਿਧ ਹੁੰਦੀਆਂ ਹਨ :-

੧. ਸਿਰ ਤੇ ਕਾਲ ਹੈ। ੨. ਅਗੇ ਰਸਤਾ ਬਹੁਤ ਭਿਆਨਕ ਹੈ। ੩. ਸਿਮਰਨ ਕੀਤਿਆਂ ਜਮਜਾਲ ਕੱਟੇ ਜਾਂਦੇ ਹਨ। ੪. ਜਮਾਂ ਦਾ ਵਜੂਦ ਭੀ ਹੈ। ੫. ਨਰਕ ਸੁਰਗ ਅਸਥਾਨ ਭੀ ਹਨ, ਚਾਹੇ ਨਿਹਚਲ ਰਹਿਣ ਵਾਲੇ ਟਿਕਾਣੇ ਨਹੀਂ। ੬. ਸ਼ਿਵਪੁਰੀ, ਬ੍ਰਹਮਪੁਰੀ , ਇੰਦ੍ਰਪੁਰੀਆਂ ਆਦਿਕ ਪੁਰੀਆਂ ਭੀ ਹਨ।

ਏਨ੍ਹਾਂ ਗੱਲਾਂ ਤੋਂ ਇਨਕਾਰ ਨਹੀਂ ਹੋ ਸਕਦਾ। ਪਰ ਗੁਰਸਿਖਾਂ ਨਾਮ-ਰਸੀਆਂ ਪਰ ਇਨ੍ਹਾਂ ਦਾ ਕੋਈ ਅਸਰ ਨਹੀਂ। ਅਗਲੀ ਦਰਗਾਹ ਤਾਂ ਇਸ ਗੁਰਵਾਕ ਦਾ ਮੁਖ ਵਿਸ਼ਾ ਹੈ।

ਅਗਲਾ ਗੁਰਵਾਕ ਇਸ ਤੋਂ ਭੀ ਵਧ ਏਨ੍ਹਾਂ ਗੱਲਾਂ ਦੀ ਤਸਦੀਕ ਕਰਦਾ ਹੈ :-

ਹਰਿ ਬਿਨੁ ਅਵਰ ਕ੍ਰਿਆ ਬਿਰਥੇ।।
ਜਪ ਤਪ ਸੰਜਮ ਕਰਮ ਕਮਾਣੇ,
ਇਹਿ ਓਰੈ ਮੂਸੇ।।੧।।ਰਹਾਉ।।
ਬਰਤ ਨੇਮ ਸੰਜਮ ਮਹਿ ਰਹਤਾ,
ਤਿਨ ਕਾ ਆਢੁ ਨ ਪਾਇਆ।।
ਆਗੈ ਚਲਣੁ ਅਉਰੁ ਹੈ ਭਾਈ,


www.AKJ.Org

ਊਹਾ ਕਾਮਿ ਨ ਆਇਆ।।੧।।
ਤੀਰਥਿ ਨਾਇ ਅਰੁ ਧਰਨੀ ਭ੍ਰਮਤਾ,
ਆਗੈ ਠਉਰ ਨ ਪਾਵੈ।।
ਊਹਾ ਕਾਮਿ ਨ ਆਵੈ ਇਹਿ ਬਿਧਿ,
ਓਹੁ ਲੋਗਨ ਹੀ ਪਤੀਆਵੈ।। ੨।।
ਚਤੁਰ ਬੇਦ ਮੁਖਬਚਨੀ ਉਚਰੈ,
ਆਗੈ ਮਹਲੁ ਨ ਪਾਈਐ।।
ਬੂਝੈ ਨਾਹੀ ਏਕੁ ਸੁਧਾਖਰੁ,
ਓਹੁ ਸਗਲੀ ਝਾਖ ਝਖਾਈਐ।।੩।।
ਨਾਨਕੁ ਕਹਤੋ ਇਹੁ ਬੀਚਾਰਾ,
ਜਿ ਕਮਾਵੈ ਸੁ ਪਾਰਗਰਾਮੀ।।
ਗੁਰੁ ਸੇਵਹੁ ਅਰੁ ਨਾਮੁ ਧਿਆਵਹੁ,
ਤਿਆਗਹੁ ਮਨਹੁ ਗੁਮਾਨੀ ।।੪।।੬।।੧੬੪।।

(ਗਉੜੀ ਮਹਲਾ ੫, ਪੰਨਾ ੨੧੬)

ਇਸ ਸ਼ਬਦ ਦਾ ਭਾਵ-ਅਰਥ ਇਹ ਹੈ ਕਿ ਵਾਹਿਗੁਰੂ ਨਾਮ ਦੀ ਸਿਮਰਨ -ਕਮਾਈ ਬਿਨਾਂ ਹੋਰ ਕਿਰਤ ਕਰੰਮੀ ਕਿਰਿਆ ਦੇ ਉਦਮ ਸਭ ਬਿਰਥੇ ਹਨ। ਅਨਮਤ ਬੋਧਤ ਜਪੁ ਤਪੁ ਸੰਜਮ ਆਦਿ ਕਮਾਤੇ ਕਰਮ ਇਹ ਸਭ ਉਰੇ ਉਰੇ ਹੀ ਖੁਸ ਜਾਂਦੇ ਹਨ। ਅਰਥਾਤ ਇਥੇ ਹੀ ਰਹਿ ਜਾਂਦੇ ਹਨ। ਇਹਨਾ ਦਾ ਬੀਜਿਆ ਫਲ ਅਗੇ ਜਾ ਕੇ ਪੁੰਗਰਦਾ ਹੀ ਨਹੀਂ, ਨਾ ਹੀ ਇਥੇ ਉਗਦਾ ਹੈ। ਵਰਤ ਨੇਮ ਸੰਜਮ ਆਦਿ ਅਨਮਤ ਕਰਮ ਕਰਨ ਵਿਚ ਖਪ ਖਪ ਮਰਨ ਵਾਲਿਆਂ ਨੂੰ ਆਦ ਦਾਮ ਭੀ ਇਹਨਾਂ ਦੀ ਕਮਾਈ ਦਾ ਫਲ ਨਹੀਂ ਮਿਲਦਾ। ਇਹਨਾਂ ਖੋਟ-ਕਰਮੀ ਕਰਮਾਂ ਦਾ ਸਿੱਕਾ ਅਗੇ ਚਲ ਕੇ ਨਹੀਂ ਚਲਦਾ। ਉਥੇ ਹੋਰ ਸਿੱਕਾ ਚਲਦਾ ਹੈ, ਚਾਹੇ ਕਿੰਨੇ ਤੀਰਥ ਨਹਾਉਂਦਾ ਫਿਰੇ, ਕਿਤਨੀਆਂ ਧਰਤੀਆਂ ਭਉਂਦਾ ਫਿਰੇ। ਅਗੇ ਚਲ ਕੇ ਇਹਨਾਂ ਨੂੰ ਕੋਈ ਥਾਉਂ ਟਿਕਾਣਾ ਨਹੀਂ। ਅਰਥਾਤ ਇਹ ਕਰਮ ਕਿਸੇ ਲੇਖੇ ਨਹੀਂ ਪੈਂਦੇ। ਇਸ ਅਨਮਤੀ ਬਿਧੀ ਅਨੁਸਾਰ ਕੀਤੇ ਕਰਮ ਅਗਲੀ ਦਰਗਾਹ ਵਿਚ ਕੰਮ ਨਹੀਂ ਆਉਂਦੇ। ਇਥੇ ਲੋਕਾਂ ਨੂੰ ਪਤਿਆਉਣ ਪਰਚਾਉਣ ਲਈ ਇਹ ਪਾਖੰਡ ਕਰਮ ਕੰਮ ਨਹੀਂ ਦੇਂਦੇ। ਚੰਹੁਆਂ ਬੇਦਾਂ ਦਾ ਮੂੰਹ-ਜ਼ਬਾਨੀ ਪਾਠ ਵੀ ਇਥੇ ਰਹਿ ਜਾਂਦਾ ਹੈ, ਇਹਨਾਂ ਦਾ ਫਲ-ਅੰਕੂਰ ਰਾਈ ਮਾਤਰ ਭੀ ਅਗੇ ਚਲ ਕੇ ਸਫੁਟ ਨਹੀਂ ਹੁੰਦਾ। ਵਾਹਿਗੁਰੂ ਸੱਚੇ ਦੇ ਮਹਿਲ ਦੀ ਪ੍ਰਾਪਤੀ ਤਾਂ ਏਸ ਦੁਆਰੇ ਕੀ ਹੋਣੀ ਸੀ, ਇਕ ਸ਼ੁਧ ਅੱਖਰ ਵਾਹਿਗੁਰੂ ਨਾਮ ਬੁਝੇ ਬਿਨਾਂ ਭਾਵੇਂ ਕਿਤਨੇ ਹੀ ਬੇਦ-ਪਾਠ ਮੁਖ- ਬਚਨੀ ਉਚਰੇ ਜਾਣ, ਇਹ ਸਾਰੀ ਕਿਰਤ ਕਰਣੀ ਝਾਖ ਝਖਰਨੀ ਹੀ ਗਿਣੀ ਜਾਊ। ਗੁਰੂ ਨਾਨਕ ਸਾਹਿਬ ਇਹ ਤੱਤ ਬੀਚਾਰ ਉਪਦੇਸ਼ ਮੁਖੋਂ ਉਚਾਰਦੇ ਹਨ, ਕੇਵਲ ਇਸ ਨੂੰ ਕਮਾਵਣਹਾਰਾ ਹੀ ਪਾਰਗਰਾਮੀ ਹੋ ਸਕਦਾ ਹੈ। ਉਹ ਕਿਹੜਾ ਉਪਦੇਸ਼ ਵੀਚਾਰ ਹੈ ? ਇਹ ਕਿ ਸਚੇ ਗੁਰੂ ਸਚੇ ਸਤਿਗੁਰੂ ਦਾ ਆਗਿਆਕਾਰੀ ਸੇਵਕ ਸਿਖ ਸਜ ਕੇ ਜੋ ਗੁਰਮਤਿ ਨਾਮ ਧਿਆਉਂਦਾ ਹੈ, ਨਿਸ਼ਕਾਮ ਤੇ ਨਿਰ-ਅਭਿਮਾਨ ਹੋ ਕੇ ਉਸ ਦੀ ਨਾਮ ਅਭਿਆਸ ਕਮਾਈ ਲੇਖੇ ਪੈਂਦੀ ਹੈ, ਤੇ ਅਗਲੀ ਦਰਗਾਹ ਫੁਲਦੀ ਫਲਦੀ ਹੈ।

ਜਿਨ੍ਹਾਂ ਨੇ ਅਕਥ ਕਥਾ-ਮਈ ਨਾਮ ਨਿਧਾਨ ਗੁਰੂ ਦੁਆਰਾ ਪਾ ਕੇ ਧਿਆਇਆ ਕਮਾਇਆ ਹੈ, ਤਿਨ੍ਹਾਂ ਨੇ ਅਗਲੀ ਦਰਗਾਹ ਜਾ ਕ ਸੋਭਾਵੰਤ ਬਾਂਹ ਲੁਡਾਰਨੀ ਸਚੀ ਸੁਹਾਗਣੀ ਮਰਤਬਾ ਪਾਇਆ ਹੈ। ਯਥਾ:-

ਮੈ ਪਾਇਓ ਸਰਬ ਨਿਧਾਨੁ ਅਕਥੁ ਕਥਾਰੀਆ।।
ਹਰਿ ਦਰਗਹ ਸੋਭਾਵੰਤ ਬਾਹ ਲੁਡਾਰੀਆ।।੭।।

(ਰਾਗੁ ਗਉੜੀ ਮਾਝ ਮ: ੫, ਪੰਨਾ ੨੪੧)

ਜਿਨ੍ਹਾਂ ਨੇ ਸਤਿਗੁਰ-ਮਤਿ-ਬੁਧ ਪਾ ਕੇ ਗੁਰਮਤਿ ਨਾਮ ਦਾ ਰਸਨਾ ਕਰਕੇ ਅਜਪਾ ਜਾਪ ਜਪਿਆ ਹੈ, ਤੇ ਜਪ ਜਪ ਕੇ ਅਤੁਟ ਜਾਪ ਦੇ ਪ੍ਰਤਾਪ ਕਰ ਆਪਣਾ ਮਨ ਰੰਗਿਆ ਹੈ, ਤਿਨ੍ਹਾਂ ਦਾ ਅਗਲੀ ਦਰਗਾਹ ਅੰਦਰ ਅਨਾਦਰ ਕੋਈ ਨਹੀਂ ਕਰਦਾ, ਰੇ ! ਰੇ! ਕਰ ਕੇ ਕੋਈ ਨਹੀਂ ਬੁਲਾਉਂਦਾ, ਸਭ ਕੋਈ ਆਦਰ ਦਿੰਦਾ ਹੈ। ਉਨ੍ਹਾਂ ਉਚ ਮੰਜ਼ਲੀ ਮਹਿਲਾਂ ਵਿਚ ਤਿਨ੍ਹਾਂ ਦਾ ਵਾਸ ਹੋ ਜਾਂਦਾ ਹੈ, ਜਿਥੇ ਵਸ ਕੇ ਜੰਮਣ ਮਰਨ ਚੁਰਾਸੀ ਦਾ ਗੇੜ ਮੁਕ ਜਾਂਦਾ ਹੈ। ਨਾ ਉਨ੍ਹਾਂ ਮਹਿਲਾਂ ਦਾ ਬਿਨਾਸ ਹੈ, ਨਾ ਹੀ ਮਹਿਲ-ਵਾਸੀਆਂ ਦਾ ਬਿਨਾਸ ਹੁੰਦਾ ਹੈ । ਯਥਾ ਗੁਰਵਾਕ :-

ਰਾਰਾ ਰੰਗਹੁ ਇਆ ਮਨੁ ਅਪਨਾ।।
ਹਰਿ ਹਰਿ ਨਾਮੁ ਜਪਹੁ ਜਪੁ ਰਸਨਾ।।
ਰੇ ਰੇ ਦਰਗਹ ਕਹੈ ਨ ਕੋਊ।।
ਆਉ ਬੈਠੁ ਆਦਰੁ ਸੁਭ ਦੇਊ।।
ਉਆ ਮਹਲੀ ਪਾਵਹਿ ਤੂ ਬਾਸਾ।।
ਜਨਮ ਮਰਨ ਨਹ ਹੋਇ ਬਿਨਾਸਾ।।

(ਬਾਵਨ ਅਖਰੀ ਮ: ੫, ਪੰਨਾ ੨੫੨)

ਸੁਖਮਨੀ ਸਾਹਿਬ ਦੇ ਅਗਲੇਰੇ ਵਾਕ ਅਗਲੀ ਦਰਗਾਹ ਦੇ ਸੱਚ ਨੂੰ ਖ਼ੂਬ ਸਚਿਆਉਂਦੇ ਹਨ :-

ਜਹ ਮੁਸਕਲ ਹੋਵੈ ਅਤਿ ਭਾਰੀ।।
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ।।.....
ਜਿਹ ਮਾਰਗਿ ਇਹੁ ਜਾਤ ਇਕੇਲਾ।।



www.AKJ.Org

ਤਹ ਹਰਿਨਾਮੁ ਸੰਗਿ ਹੋਤ ਸੁਹੇਲਾ॥......
ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥
ਹਰਿ ਕਾ ਨਾਮੁ ਊਹਾ ਸੰਗਿ ਤੋਸਾ॥
ਜਿਹ ਪੈਡੈ ਮਹਾ ਅੰਧ ਗੁਬਾਰਾ॥
ਹਰਿ ਕਾ ਨਾਮੁ ਸੰਗਿ ਉਜੀਆਰਾ॥
ਜਹਾ ਪੰਥਿ ਤੇਰਾ ਕੋ ਨ ਸਿਞਾਨੂ॥
ਹਰਿ ਕਾ ਨਾਮੁ ਤਹ ਨਾਲਿ ਪਛਾਨੂ॥
ਜਹ ਮਹਾ ਭਇਆਨ ਤਪਤਿ ਬਹੁ ਘਾਮ॥
ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥
ਜਹਾ ਤ੍ਰਿਖਾ ਮਨ ਤੁਝੁ ਆਕਰਖੈ॥
ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥੪॥

(ਸੁਖਮਨੀ ਸਾਹਿਬ, ਅਸਟਪਦੀ ੨)

ਗੁਰੂ ਸਾਹਿਬ ਜੀ ਦੇ ਸੁਖਮਨੀ ਵਿਚ ਉਚਾਰੇ ਇਹਨਾਂ ਸਤਿ ਵਾਕਾਂ ਦੀ ਰੌਸ਼ਨੀ ਤਲੇ ਅਗਲੀ ਦਰਗਾਹ ਦੀ ਵਰਨਣ ਕੀਤੀ (ਉਪਰ ਵਰਨੀ) ਬਿਵਸਥਾ ਸਭ ਸਤੇ ਸਤਿ ਹੈ। ਜਿਨ੍ਹਾਂ ਸਤਿ-ਨਾਮ ਦੀ ਸਤਿ ਕਮਾਈ ਕੀਤੀ ਹੈ ਤਿਨ੍ਹਾਂ ਨੇ ਉਪਰ ਵਰਨਿਆ ਅਗਲੀ ਦਰਗਾਹ ਦਾ ਬਿਰਤੰਤ ਨਕਸ਼ਾ ਆਪਣੀ ਅੱਖੀ ਪੇਖਿਆ ਆਖਿਆ ਹੈ। ਸਚ ਮੁਚ ਜੀਵ ਜਦ ਮਰਨ ਕਾਲ ਸਮੇਂ ਦੇਹੀ ਛੋੜਦਾ ਹੈ ਤਾਂ ਦੇਹੀ ਹੀ ਮਰਦੀ ਹੈ, ਜੀਵ ਨਹੀਂ ਮਰਦਾ। ਹਰ ਇਕ ਜੀਵ ਆਪੋ ਆਪਣੀ ਕਰਣੀ ਅਨੁਸਾਰ ਅਗਲੇ ਲੋਕ ਵਿਚ ਜਾਂਦਾ ਹੈ, ਅਗੇ ਕਰਨੀ ਦਾ ਫਲ ਪਾਂਦਾ ਹੈ। ਨਾਮੋਂ ਘੁਥੇ ਜੀਵ ਨੂੰ ਅਗਲੇ ਲੋਕ ਵਿਚ ਖੁਆਰੀ ਹੀ ਖੁਆਰੀ ਹੈ। ਸਚ ਮੁਚ ਅਗੇ ਉਹ ਅਸਥਾਨ ਹਨ ਜਿਥੇ ਸਾਰਿਆਂ ਜੀਵਾਂ ਨੂੰ ਅਤੀ ਮੁਸ਼ਕਲ ਭਾਰੀ ਬਣਦੀ ਹੈ। ਤਿਨ੍ਹਾਂ ਹੀ ਭਾਰੀ ਮੁਸ਼ਕਲ ਅਸਥਾਨਾਂ ਵਿਖੇ ਜਾਣ ਵਾਲੇ ਨਾਮ-ਕਮਾਈਆਂ ਵਾਲੇ ਜੀਵ ਖਿਨ ਮਾਹਿ ਉਧਾਰੀਦੇ ਦੇਖੇ ਗਏ, ਸਚ ਸਰੇਖੇ ਗਏ ਹਨ। ਸਚਮੁਚ ਐਸੇ ਵੀ ਅਸਥਾਨ ਅਗਾਹਾਂ ਹਨ, ਜਿਥੇ ਜਾਣ ਵਾਲੇ ਜੀਵਾਂ ਨੂੰ ਮਾਰਗ ਦਿਸਦਾ ਹੀ ਨਹੀਂ, ਬਿਲਕੁਲ ਸੁੰਨ-ਮਸੁੰਨ ਰਸਤਿਆਂ ਥਾਣੀ ਉਸ ਨੂੰ ਲੰਘਣਾ ਪੈਂਦਾ ਹੈ, ਜਿਥੇ ਇੱਕਲ ਬੜੀ ਹੀ ਡਰਾਉਣੀ ਹੁੰਦੀ ਹੈ। ਜਿਨ੍ਹਾਂ ਨੇ ਨਾਮ ਦੀ ਅਤੁਟ ਕਮਾਈ ਕੀਤੀ ਹੁੰਦੀ ਹੈ (ਮਾਨੁਖਾ ਦੇਹ ਧਾਰ ਕੇ) ਤਿਨ੍ਹਾਂ ਨੂੰ ਤ੍ਰਾਹੁਣੇ, ਮਨ-ਕੰਬਾਉਣੇ, ਚਿਤ-ਘਬਰਾਉਣੇ ਮਾਰਗ ਵਿਖੇ ਵਾਹਿਗੁਰੂ ਨਾਮ ਸਚਾ ਸੰਗੀ ਸਾਥੀ ਅਤੇ ਸੁਹੇਲਾ ਰਾਹਬਰ ਬਣਦਾ ਹੈ। ਜੀਵ ਨੂੰ ਅਗੇ ਜਾ ਕੇ ਐਸਾ ਅਤੀ ਲੰਬਾ ਮਾਰਗ ਦਰਪੇਸ਼ ਆਉਂਦਾ ਹੈ, ਜਿਸ ਮਾਰਗ ਦੇ ਦੂਰ ਦਰਾਜ ਕੋਸ (ਮੀਲ) ਅਨਗਿਣਤ ਹੁੰਦੇ ਹਨ। ਜੀਵ ਉਸ ਬਿਕਟ ਮਾਰਗ ਵਿਖੇ ਅਤੀ ਅਸਹਿ ਬਿਕਰਾਲ ਭੁਖ ਤਿਖਾ ਨਾਲ ਭੁੱਖਾ ਪਿਆਸਾ ਹੋ ਹੋ ਮਰਿ ਮਰਿ ਜਾਂਦਾ ਹੈ। ਜਿਨ੍ਹਾਂ ਨੇ ਨਾਮ ਦੀ ਕਮਾਈ ਨਹੀਂ ਕੀਤੀ ਹੁੰਦੀ ਉਹ ਭੁੱਖ ਨਾਲ ਬੜੇ ਹੀ ਦੁਖੀ ਹੁੰਦੇ ਹਨ। ਭੁੱਖ ਉਨ੍ਹਾਂ ਦੀ ਕਦੇ ਮਿਟਦੀ ਹੀ ਨਹੀਂ, ਬੜੇ ਹੀ ਔਖੇ ਹੁੰਦੇ ਹਨ। ਜਿਨ੍ਹਾਂ ਨੇ ਨਾਮ-ਕਮਾਈਆਂ ਕੀਤੀਆਂ ਹੋਈਆਂ ਹੁੰਦੀਆਂ ਹਨ ਉਨ੍ਹਾਂ ਨੂੰ ਏਥੇ ਬੀਜਿਆ ਹੋਇਆ ਨਾਮ ਅਗੇ ਜਾ ਕੇ ਵੀ ਪੁੰਗਰਦਾ ਹੈ। ਹਰ ਛਿਨ ਤੇ ਹਰ ਕਦਮ ਤੇ ਨਾਮ ਦਾ ਅਧਾਰ ਏਥੇ ਉਥੇ ਦੋਹੀਂ ਥਾਈਂ, ਤਤ ਰਸ-ਅਧਾਰੀ ਤੋਸਾ ਬਣ ਕੇ ਤਿਨ੍ਹਾਂ ਦੇ ਅੰਤਰ ਸਾਥ ਹਾਜ਼ਰ ਰਹਿੰਦਾ ਹੈ। ਉਨ੍ਹਾਂ ਨੂੰ ਭੁਖ ਦਾ ਦੁਖ ਕੋਈ ਨਹੀਂ ਵਿਆਪਦਾ। ਨਾਮ ਨਾਲ ਹੀ ਰਜੇ ਰਹਿੰਦੇ ਹਨ। ਅਗਲੀ ਦਰਗਾਹ ਵਿਚ ਨਾਲ ਚਲਣ ਵਾਲਾ ਸਚ ਪਦਾਰਥ ਤੋਸਾ ਹੈ ਤਾਂ ਨਾਮ ਹੀ। ਹੋਰ ਕੋਈ ਪਦਾਰਥ ਨਾਲ ਨਹੀਂ ਜਾਂਦਾ। ਮਾਇਆ ਧਨ ਲਖਮੀ ਦੇ ਅੰਬਾਰਾਂ ਦੇ ਅੰਬਾਰ ਇੱਕਠੇ ਕੀਤੇ ਇਥੇ ਹੀ ਰਹਿ ਜਾਂਦੇ ਹਨ। ਨਾਮ ਮਾਤ੍ਰ ਵੀ ਅਧਾਰ ਨਹੀਂ ਦਿੰਦੇ ਅਗੇ ਚਲ ਕੇ। ਨਾ ਅਗੇ ਜਾਂਦੇ ਹਨ, ਨਾ ਅਗੇ ਕੋਈ ਅਧਾਰ ਦਿੰਦੇ ਹਨ। ਇਹ ਕੇਵਲ ਨਾਮ ਦਾ ਪਦਾਰਥ ਹੀ ਹੈ ਜਿਸ ਦਾ ਅਗਲੇ ਲੋਕ ਵਿਚ ਅਧਾਰ ਮਿਲਦਾ ਹੈ। ਬੜੇ ਬੜੇ ਜਗ ਕੀਤੇ, ਦੇਵ-ਪਿਤਰਾਂ ਨਮਿਤ ਸ਼ਰਾਧ ਕੀਤੇ, ਕੁਝ ਅਧਾਰ ਨਹੀਂ ਦਿੰਦੇ। ਪਿਤਰ ਕਰਮ ਕੀਤੇ ਉਂਜ ਹੀ ਮੁਹਿ (ਖੁਸ) ਜਾਂਦੇ ਹਨ। ਜੀਵਾਂ ਨੂੰ ਅਗੇ ਕਦੇ ਵੀ ਸਹਾਈ ਨਹੀਂ ਹੁੰਦੇ, ਸਚ ਮੁਚ ਐਸੇ ਪੈਂਡੇ ਵੀ ਆਉਂਦੇ ਹਨ, ਜਿਨ੍ਹਾਂ ਪੈਂਡਿਆਂ ਵਿਖੇ ਮਹਾਂ ਅੰਧ ਗੁਬਾਰ ਹੀ ਹੁੰਦਾ ਹੈ। ਹੱਥ ਮਾਰਿਆਂ ਕੁਝ ਦਿਖਾਈ ਨਹੀਂ ਦਿੰਦਾ। ਤਿਨ੍ਹਾਂ ਮਹਾਂ ਅੰਧਕਾਰ ਵਾਲੇ ਪੈਂਡਿਆਂ ਵਿਖੇ ਹਰਿ ਕੇ ਨਾਮ ਦਾ ਹੀ ਉਜਿਆਰਾ ਪਾਰ-ਉਤਾਰਾ ਕਰਦਾ ਹੈ। ਜਿਨ੍ਹਾਂ ਨੇ ਨਾਮ ਕਮਾਇਆ ਹੁੰਦਾ ਹੈ, ਤਿਨ੍ਹਾਂ ਨੂੰ ਅਗੇ ਚਲ ਕੇ ਮਹਾਂ ਅੰਧ ਗੁਬਾਰ ਪੈਂਡਿਆਂ ਵਿਚ ਨਾਮ ਦਾ ਉਜਿਆਰਾ ਹਰ ਦਮ ਸੰਗ ਸਾਥ ਰਹਿੰਦਾ ਹੈ। ਦੇਹੀ ਤਿਆਗ ਕੇ ਅਗੇ ਗਏ ਜੀਵ ਨੂੰ ਐਸੇ ਪੰਧ ਪੰਥ ਵੀ ਪੇਸ਼ ਆਉਂਦੇ ਹਨ ਜਿਥੇ ਉਸ ਦਾ ਕੋਈ ਸੈਣ ਸਾਕ ਸਿਆਣੂੰ ਨਹੀਂ ਹੁੰਦਾ, ਕਲ-ਮਕੱਲੇ ਜੀਵ ਨੂੰ ਇੱਕਲ ਪਈ ਖਾਂਦੀ ਹੈ। ਨਾਮ ਜਪਣ ਵਾਲੇ ਜੀਵ ਜਦੋਂ ਦੇਹੀਉਂ ਜੁਦਾ ਹੁੰਦੇ ਹਨ ਤੇ ਉਹਨਾਂ ਨੂੰ ਇਕੱਲ ਵਾਲਿਆਂ ਪੈਂਡਿਆਂ ਵਿਖੇ ਵਾਹਿਗੁਰੂ ਦਾ ਨਾਮ ਸਚਾ ਪਛਾਣੂ ਹੋ ਕੇ ਪੁਕਰਦਾ ਹੈ, ਜੋ ਹਰ ਛਿਨ ਉਸ ਦੇ ਸੰਗ ਸਾਥ ਰਹਿੰਦਾ ਹੈ। ਅਤੇ ਸੰਗ ਸਾਥ ਵੀ ਸਦੀਵ ਲਈ ਨਿਭਦਾ-ਨਿਭਾਉਂਦਾ ਹੈ। ਐਸੇ ਭੱਠ ਵਾਂਗੂ ਤਪ ਰਹੇ ਤਪਤ ਅਸਥਾਨਾਂ ਵਿਚ

(ਬਾਕੀ ਪੰਨਾ ੩੪ ਤੇ)



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਮਨੁੱਖ

(ਪ੍ਰਿੰਸੀਪਲ ਇੰਦਰ ਕੌਰ ਜੀ)

ਸ੍ਰੀ ਗੁਰੂ ਗ੍ਰੰਥ ਸਾਹਿਬ ਉਤਮ ਵਿਚਾਰਾਂ ਦਾ ਭੰਡਾਰ ਹੈ। ਇਹ ਰਤਨਾਂ ਦੀ ਖਾਣ ਹੈ। ਸੰਸਾਰ ਦੀ ਸਾਰੀ ਧਾਰਮਿਕ ਫ਼ਿਲਾਸਫ਼ੀ ਦਾ ਤਤਵ ਇਸ ਦੇ ਵਿਚੋਂ ਪ੍ਰਾਪਤ ਹੁੰਦਾ ਹੈ। ਇਹ ਸਾਧ-ਬਚਨਾਂ ਦਾ ਸਮੂਹ ਹੈ। ਇਨ੍ਹਾਂ ਬਚਨਾਂ ਦੇ ਸੁਣਨ ਤੇ ਕਮਾਉਣ ਨਾਲ ਮਨੁਖ ਦੀ ਕਲਿਆਣ ਹੁੰਦੀ ਹੈ:

ਉਤਮ ਸਲੋਕ ਸਾਧ ਕੇ ਬਚਨ॥
ਅਮੁਲੀਕ ਲਾਲ ਏਹਿ ਰਤਨ॥
ਸੁਨਤ ਕਮਾਵਤ ਹੋਤ ਉਧਾਰ॥
ਆਪਿ ਤਰੈ ਲੋਕਹ ਨਿਸਤਾਰ॥ (ਪੰਨਾ ੨੯੫)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਏਕਤਾ ਅਤੇ ਭ੍ਰਾਤੀਅਤਾ ਦਰਸਾਈ ਗਈ ਹੈ। ਸਾਰੀ ਮਨੁੱਖਤਾ ਨੂੰ ਇਕ ਰੱਬ ਦੇ ਨਿਸ਼ਾਨ ਹੇਠ ਇਕੱਠਾ ਕੀਤਾ ਗਿਆ ਹੈ। ਮਨੁੱਖਾਂ ਨੂੰ ਆਪਸ ਵਿਚ ਪਿਆਰ ਤੇ ਇਕ ਦੂਜੇ ਦਾ ਸਤਿਕਾਰ ਕਰਨ ਦੀ ਜਾਚ ਦਸੀ ਗਈ ਹੈ। ਇਹਦੇ ਵਿਚ ਸੰਪੂਰਨ ਜੀਵਨ-ਜਾਚ ਹੈ ਕਿਵੇਂ ਮਨੁੱਖ 'ਲੋਕ ਸੁਖੀ ਤੇ ਪ੍ਰਲੋਕ ਸੁਹੇਲੇ' ਹੋ ਸਕਦਾ ਹੈ। ਜਾਤ, ਧਰਮ, ਕਰਮ ਤੇ ਰੁਤਬੇ ਦੇ ਵਿਤਕਰੇ ਮੇਟ ਕੇ ਸੱਚਾ ਜੀਵਨ ਜੀਉਣ ਵਾਲਿਆਂ ਨੂੰ ਮਹਾਨ ਮੰਨਿਆ ਗਿਆ ਹੈ। ਸੱਚੇ ਆਚਾਰ ਨੂੰ ਸਭ ਤੋਂ ਉਪਰ ਸ਼ਥਾਨ ਦਿਤਾ ਗਿਆ ਹੈ-

ਸਚਹੁ ਓਰੈ ਸਭੁ ਕੋ, ਉਪਰਿ ਸਚੁ ਆਚਾਰੁ॥
(ਪੰਨਾ ੬੨)

ਇਹ ਮਹਾਂ ਪੁਰਸ਼ਾਂ ਦੀ ਬਾਣੀ ਹੈ। ਇਸ ਬਾਣੀ ਤੇ ਗੁਰੂ ਵਿਚ ਕੋਈ ਭੇਦ ਨਹੀਂ। ਇਹਦੇ ਵਿਚ ਨਾਮ ਰੂਪੀ ਅੰਮ੍ਰਿਤ ਪਾਇਆ ਗਿਆ ਹੈ। ਜੋ ਪੁਰਸ਼ ਗੁਰਬਾਣੀ ਅਨੁਸਾਰ ਜੀਵਨ ਜੀਉਂਦਾ ਹੈ ਉਹ ਸਭ ਕੁਝ ਪ੍ਰਾਪਤ ਕਰ ਲੈਂਦਾ ਹੈ। ਇਸ ਬਾਣੀ ਵਿਚੋਂ ਗੁਰੂ ਦੇ ਪਰੱਤਖ ਦਰਸ਼ਨ ਹੁੰਦੇ ਹਨ-

ਬਾਣੀ ਗੁਰੂ, ਗੁਰੂ ਹੈ ਬਾਣੀ,
ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ,
ਪਰਤਖਿ ਗੁਰੂ ਨਿਸਤਾਰੇ॥ (ਪੰਨਾ ੯੮੨)

ਪਰ ਇਸ ਬਾਣੀ ਦੇ ਇਸ ਮਹੱਤਵ ਨੂੰ ਕੋਈ ਵਿਰਲਾ ਹੀ ਵਿਚਾਰਦਾ ਹੈ-

ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮੁਖਿ ਹੋਇ॥
(ਪੰਨਾ੯੩੫)

ਇਹ ਬਾਣੀ ਨਿਰੰਕਾਰ ਦੀ ਭੇਜੀ ਹੋਈ ਹੈ ਅਤੇ ਮਨੁੱਖਤਾ ਦਾ ਨਿਜ ਘਰ ਵਿਚ ਵਾਸ ਕਰਾਵਣ ਦੇ ਸਮਰੱਥ ਹੈ-

ਇਹ ਬਾਣੀ ਮਹਾ ਪੁਰਖ ਕੀ, ਨਿਜ ਘਰਿ ਵਾਸਾ ਹੋਇ॥

ਇਹ ਅੰਮ੍ਰਿਤ-ਬਾਣੀ ਅਸਲ ਧੁਰੋ ਦਾ ਪਤਾ ਦਿੰਦੀ ਹੈ, ਕਿਉਂਕਿ ਇਹ ਗਿਆਨ ਧਿਆਨ ਦੀ ਹਾਲਤ ਵਿਚ ਗੁਰਮੁਖਾਂ ਦੇ ਰਾਹੀਂ ਸੰਸਾਰ ਵਿਚ ਪ੍ਰਗਟ ਹੋਈ ਹੈ। ਇਸ ਨੂੰ ਰਚਣ ਵਾਲੇ ਗੁਰਮੁਖ ਹਨ। ਇਸ ਨੂੰ ਕਮਾਉਣ ਵਾਲੇ ਗੁਰਮੁਖ ਹੋ ਜਾਂਦੇ ਹਨ ਤੇ ਉਚੀ ਸੁਰਤੀ ਵਾਲਿਆਂ ਨੇ ਬਖ਼ਸ਼ਸ਼ ਦਵਾਰਾ ਇਸ ਦਾ ਅਭਿਆਸ ਤੇ ਮੰਨਣ ਕੀਤਾ ਹੈ।

ਅੰਮ੍ਰਿਤ ਬਾਣੀ ਤਤੁ ਵਖਾਣੀ,
ਗਿਆਨ ਧਿਆਨ ਵਿਚਿ ਆਈ॥
ਗੁਰਮੁਖਿ ਆਖੀ ਗੁਰਮੁਖਿ ਜਾਤੀ,
ਸੁਰਤੀ ਕਰਮਿ ਧਿਆਈ॥ (ਪੰਨਾ ੧੨੪੩)

ਸ੍ਰੀ ਗੁਰੂ ਗ੍ਰੰਥ ਸਾਹਿਬ ਇਤਨੇ ਮਹਾਨ ਹਨ ਕਿ ਕਿਸੇ ਵੀ ਅਲਪੱਗ ਜੀਵ ਦੀ ਵਿਚਾਰ-ਸ਼ਕਤੀ ਇਨ੍ਹਾਂ ਦੀ ਤਹਿ ਤਕ ਨਹੀਂ ਪੁਜ ਸਕਦੀ, ਹਾਂ ਇਸ ਅੰਮ੍ਰਿਤ-ਕੁੰਟ ਵਿਚ ਚੁੱਭੀ ਮਾਰਿਆਂ ਆਪੋ ਆਪਣੀ ਸ਼ਕਤੀ ਅਨੁਸਾਰ ਕੁਝ ਨਾ ਕੁਝ ਜ਼ਰੂਰ ਪ੍ਰਾਪਤ ਹੋ ਜਾਂਦਾ ਹੈ, ਪਰ ਇਹ ਵਿਚਾਰ ਬਣਿਆ ਹੀ ਰਹਿੰਦਾ ਹੈ ਕਿ ਗੱਲ ਪੂਰੇ ਤੌਰ ਤੇ ਬਣੀ ਨਹੀਂ। ਇਹ ਬਣਨੀ ਵੀ ਨਹੀਂ, ਕਿਉਂਕਿ ਮਨੁੱਖੀ ਸ਼ਕਤੀ ਕਿਸੇ ਮਿੱਤ ਦੇ ਅੰਦਰ ਹੈ ਤੇ ਇਹ ਮਹਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਮਿੱਤ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਵਿਸ਼ਿਆਂ ਬਾਰੇ ਵਿਸਥਾਰ ਸਹਿਤ ਵਿਚਾਰ ਕੀਤੀ ਗਈ ਹੈ, ਜਿਵੇਂ :- ਨਿਰੰਕਾਰ, ਗੁਰੂ, ਨਾਮ, ਸਤਸੰਗਤਿ, ਗੁਰਮੁਖ, ਸੰਤ, ਸਾਧ, ਜਨ, ਸਿਖ, ਭਗਤ ਯੋਗੀ, ਮਾਇਆ, ਸੰਸਾਰ, ਰਚਨਾ, ਬਖ਼ਸ਼ਸ਼ ਆਦਿ।

ਸਾਡੀ ਅਜ ਦੀ ਵਿਚਾਰ ਦਾ ਵਿਸ਼ਾ 'ਆਦਰਸ਼ਕ ਮਨੁੱਖ' ਤਕ ਸੀਮਤ ਹੈ। ਪੂਰਾ ਵਿਸ਼ਾ ਹੈ "ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਮਨੁੱਖ ਦਾ ਸੰਕਲਪ"। ਆਦਰਸ਼ਕ ਸ਼ਬਦ ਦਾ ਅਰਥ ਹੈ ਪ੍ਰਮਾਣੀਕ ਮਨੁਖ ਜਾਂ ਨਮੂਨੇ ਦਾ ਇਨਸਾਨ। ਇਸ ਸ਼ਬਦ ਦਾ ਅਰਥ-ਵਿਚਾਰ ਪ੍ਰਦਰਸ਼ਕ ਵੀ ਕੀਤਾ ਜਾਂਦਾ ਹੈ। ਸੰਕਲਪ ਦਾ ਅਰਥ ਹੈ ਮਨੋਰਥ ਜਾਂ ਖਿਆਲ। ਜੇ ਗਹੁ ਨਾਲ ਵੇਖੀਏ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਪੂਰਨ ਤੌਰ ਤੇ ਆਦਰਸ਼ਕ ਮਨੁਖ ਗੁਰਮੁਖ ਜਾਂ ਗੁਰੂ ਹੈ। ਗੁਰਮੁਖ ਨਿਰੰਕਾਰ ਨਾਲ ਅਭੇਦ ਵੀ ਹੈ ਅਤੇ ਸੰਸਾਰ ਵਿਚ ਵੀ ਪੂਰਨ ਪੁਰਖ ਹੋ ਕੇ ਵਿਚਰਦਾ ਹੈ। ਗੁਰੂ ਪਾਰਸ ਹੈ, ਬ੍ਰਹਮ ਗਿਆਨੀ ਹੈ, ਜੀਵਨ-ਮੁਕਤ ਹੈ ਅਤੇ ਨਾਮ ਦਾ ਦਾਤਾ ਹੈ। ਇਹ ਗਿਆਨ



www.AKJ.Org

ਦਾ ਪ੍ਰਕਾਸ਼ ਬਖਸ਼ ਕੇ ਮਨੁਖੀ ਮਨ ਚੋਂ ਅਗਿਆਨਤਾ ਦਾ ਹਨੇਰਾ ਦੂਰ ਕਰਦਾ ਹੈ। 'ਗੁ' ਸ਼ਬਦ ਦੇ ਅਰਥ ਹਨੇਰਾ ਹਨ ਅਤੇ 'ਰੂ' ਦੇ ਪ੍ਰਕਾਸ਼ ਭਾਵ ਹਨੇਰੇ ਨੂੰ ਦੂਰ ਕਰ ਕੇ ਪ੍ਰਕਾਸ਼ ਕਰਨ ਵਾਲਾ। ਗੁਰਬਾਣੀ **ਵਿਚ ਲਿਖਿਆ ਹੈ** :-

ਗਿਆਨ ਅੰਜਨੁ ਗੁਰਿ ਦੀਆ **ਅਗਿਆਨ ਅੰਧੇਰ ਬਿਨਾਸੁ** ।।
(ਗਉੜੀ **ਸੁਖਮਨੀ**, ੨੯੩)

ਗੁਰੂ ਤੋਂ ਬਿਨਾਂ ਗਿਆਨ ਦੀ ਪ੍ਰਾਪਤੀ ਸੰਭਵ ਵੀ ਨਹੀਂ :-

'ਗੁਰ ਬਿਨੁ ਗਿਆਨੁ ਨ ਹੋਇ।।' (ਪੰਨਾ ੪੬੯)

ਆਤਮ ਤਤਵ ਨੂੰ ਜਾਣਨ ਵਾਲਾ ਹੀ ਗੁਰੂ ਹੋ ਸ਼ਕਦਾ ਹੈ। ਗੁਰਬਾਣੀ ਵਿਚ ਸਤਿਗੁਰੂ ਸ਼ਬਦ ਬਹੁਤੀ ਥਾਈਂ ਆਇਆ ਹੈ। ਇਹ ਸਤਯ ਤੇ ਗੁਰ ਦੇ ਸ਼ਬਦਾਂ ਤੋਂ ਬਣਿਆ ਹੈ। ਇਸ ਦਾ ਭਾਵ ਹੈ ਸੱਚਾ ਗੁਰੂ, ਸ੍ਰੇਸ਼ਟ ਗੁਰੂ ਜਿਹੜਾ ਮਨ, ਬਚਨ ਤੇ ਕਰਮ ਕਰਕੇ ਸੱਚਾ ਹੈ ਜਿਸਦੇ ਮਿਲਣ ਨਾਲ ਮਨ ਨੂੰ ਸੱਚਾ ਅਨੰਦ ਪ੍ਰਾਪਤ ਹੁੰਦਾ ਹੈ :-

ਜਿਸੁ ਮਿਲਿਐ ਮਨਿ ਹੋਇ ਅਨੰਦੁ, ਸੋ ਸਤਿਗੁਰੁ ਕਹੀਐ।
(ਪੰਨਾ੧੬੮)

ਗੁਰੂ ਜੀਵ ਨੂੰ ਪ੍ਰਮਾਤਮਾ ਨਾਲ ਮੇਲਣ ਵਾਲਾ ਹੈ-

ਜੈਸਾ ਸਤਿਗੁਰੁ ਸੁਣੀਦਾ, ਤੈਸੋ ਹੀ ਮੈ ਡੀਠੁ।।
ਵਿਛੁੜਿਆ ਮੇਲੇ ਪ੍ਰਭੂ , ਹਰਿ ਦਰਗਹ ਕਾ ਬਸੀਠੁ।।
(੯੫੭)

ਗੁਰੂ ਸੱਚਾ ਸੱਜਣ ਹੈ, ਜੋ ਮਿਤ੍ਰ-ਵਿਚੋਲਾ ਬਣ ਕੇ ਜੀਵਾਤਮਾ ਦਾ ਪ੍ਰਮਾਤਮਾ ਨਾਲ ਮੇਲ ਕਰਾਉਂਦਾ ਹੈ :-

'ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ,
ਜੈ ਮਿਲਿ ਕੰਤੁ ਪਛਾਣਾ।। (੯੬੮)

ਗੁਰੂ ਹਰੀ ਦਾ ਨਾਮ ਰੂਪੀ ਮੰਤ੍ਰ ਦੇ ਕੇ ਹਉਮੈ ਰੋਗ ਨੂੰ ਕੱਟ ਦਿੰਦਾ ਹੈ-

ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ, ਕਟੇ ਹਉਮੈ ਰੋਗੁ।।

ਅਜਿਹਾ ਗੁਰੂ ਸੰਜੋਗ ਨਾਲ ਹੀ ਮਿਲਤਾ ਹੈ-

ਨਾਨਕ ਸਤਿਗੁਰੁ ਤਿਨਾ ਮਿਲਾਇਆ
ਜਿਨਾ ਧੁਰੇ ਪਇਆ ਸੰਜੋਗੁ।। (੯੫੭)

ਨਾਮ ਦੇ ਖਜ਼ਾਨੇ ਦੀ ਕੁੰਜੀ ਗੁਰੂ ਦੇ ਪਾਸ ਹੈ, ਗੁਰੂ ਬਿਨਾਂ ਇਸਦਾ ਤਾਕ ਨਹੀਂ ਖੁਲ੍ਹਦਾ-

ਜਿਸਕਾ ਗ੍ਰਿਹੁ ਤਿਨਿ ਦੀਆ ਤਾਲਾ,
ਕੁੰਜੀ ਗੁਰ ਸਉਪਾਈ ।।
ਅਨਿਕ ਉਪਾਵ ਕਰੇ, ਨਹੀ ਪਾਵੈ,
ਬਿਨੁ ਸਤਿਗੁਰ ਸਰਣਾਈ।।
(ਰਾਗ ਗਉੜੀ ਪੂਰਬੀ ਮ: ੫,ਪੰਨਾ ੨੦੫)

ਸਤਿਗੁਰੂ ਵਿਚ ਅਨੇਕ ਗੁਣ ਹਨ। ਮਹਿਮਾ ਅਕਥ ਹੈ, ਇਸ ਪੂਰਨ ਗੁਰੂ ਦੀਆਂ ਸਿਫ਼ਤਾਂ ਤੇ ਕੰਮਾਂ ਬਾਰੇ ਵਿਚਾਰ ਕਰਨ ਦਾ ਨਿਮਾਣਾ ਜਿਹਾ ਕਰਨ ਦੀ ਕੋਸ਼ਿਸ਼ ਅਸਾਂ ਕਰਨੀ ਹੈ।

ਸਭ ਤੋਂ ਪਹਿਲਾ ਸਵਾਲ ਉਠਦਾ ਹੈ ਕਿ 'ਗੁਰੂ ਅਖਵਾਣ ਦਾ ਹੱਕ ਕੌਣ ਰਖਦਾ ਹੈ। ਗੁਰਬਾਣੀ ਇਸ ਪ੍ਰਸ਼ਨ ਦਾ ਉਤਰ ਦਿੰਦੀ ਹੈ-

'ਸਤਿ ਪੁਰਖੁ ਜਿਨਿ ਜਾਨਿਆ, ਸਤਿਗੁਰੁ ਤਿਸਕਾ ਨਾਉ।।'
(ਗਉੜੀ ਸੁਖਮਨੀ ੨੮੬)

ਅਜਿਹੇ ਪੂਰਨ ਗੁਰੂ ਰਾਹੀਂ ਹੀ ਸਿਖ ਦਾ ਉਧਾਰ ਹੋ ਸਕਦਾ ਹੈ। ਬ੍ਰਹਮ ਨੂੰ ਜਾਣਨ ਵਾਲਾ ਹੀ ਸਤਿਗੁਰੂ ਹੋ ਸਕਦਾ ਹੈ।

'ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ,
ਹਰਿ ਹਰਿ ਕਥਾ ਸੁਣਾਵੈ।'

ਸਤਿਗੁਰੂ ਸਮਰਥ ਹੈ। ਉਸਦੀ ਸੇਵਾ ਕਰਨ ਨਾਲ ਮਨ-ਇਛਤ ਫਲ ਦੀ ਪ੍ਰਾਪਤੀ ਹੁੰਦੀ ਹੈ। ਉਸਦੀ ਪਾਤਸ਼ਾਹੀ ਸਦਾ ਕਾਇਮ ਹੈ, ਗੁਰੂ ਤੇ ਪ੍ਰਮਾਤਮਾ ਵਿਚ ਕੋਈ ਭੇਦ ਨਹੀਂ :-

ਸਭ ਤੇ ਵਡ ਸਮਰਥ ਗੁਰਦੇਵ।।
ਸਭਿ ਸੁਖ ਪਾਈ ਤਿਸ ਕੀ ਸੇਵ ।।ਰਹਾਉ।।
ਜਾ ਕਾ ਕੀਆ ਸਭੁ ਕਿਛੁ ਹੋਇ।।
ਤਿਸਕਾ ਅਮਰੁ ਨ ਮੇਟੈ ਕੋਇ।।
ਪਾਰਬ੍ਰਹਮੁ ਪਰਮੇਸਰੁ ਅਨੂਪੁ ।।
ਸਫਲ ਮੂਰਤਿ ਗੁਰੁ ਤਿਸ ਕਾ ਰੂਪੁ।।੨।।
(ਪੰਨਾ ੧੧੫੨)

ਸਤਿਗੁਰ ਨਿਰਵੈਰ ਹੈ। ਅਪਰਾਧੀਆਂ ਨੂੰ ਬਖ਼ਸ਼ਣ ਵਾਲਾ ਹੈ। ਐਸੇ ਸਤਿਗੁਰੂ ਨੂੰ ਨਮਸਕਾਰ ਹੈ-

ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ।।
ਹਮ ਅਪਰਾਧੀ ਤੁਮ ਬਖਸਾਤੇ।।
ਜਿਸੁ ਪਾਪੀ ਕਉ ਮਿਲੈ ਨ ਢੋਈ।।
ਸਰਣਿ ਆਵੈ ਤਾਂ ਨਿਰਮਲੁ ਹੋਈ।।੧।।
ਸੁਖੁ ਪਾਇਆ ਸਤਿਗੁਰੂ ਮਨਾਇ।।
ਸਭ ਫਲ ਪਾਏ ਗੁਰੂ ਧਿਆਇ।।੧।।ਰਹਾਉ।।
ਪਾਰਬ੍ਰਹਮ ਸਤਿਗੁਰ ਆਦੇਸੁ।।
ਮਨੁ ਤਨੁ ਤੇਰਾ ਸਭੁ ਤੇਰਾ ਦੇਸੁ।।
(ਭੈਰਉ ਮ: ੫, ਪੰਨਾ ੧੧੪੧)

ਗੁਰੂ ਤੇ ਪ੍ਰਮਾਤਮਾ ਵਿਚ ਕੋਈ ਭੇਦ ਨਹੀਂ। ਗੁਰੂ ਖੁਸ਼ ਹੋਵੇ ਤਾਂ ਸਭ ਕੁਝ ਪ੍ਰਾਪਤ ਹੁੰਦਾ ਹੈ-

ਗੁਰੁ ਨਾਰਾਇਣੁ, ਦਯੁ ਗੁਰੁ,
ਗੁਰੁ ਸਚਾ ਸਿਰਜਣਹਾਰੁ।।


www.AKJ.Org

ਗੁਰਿ ਤੁਠੈ ਸਭ ਕਿਛੁ ਪਾਇਆ,
ਜਨ ਨਾਨਕ ਸਦ ਬਲਿਹਾਰ।।
(ਗਉੜੀ ਮਾਝ ਮਹਲਾ ੫,ਪੰਨਾ ੨੧੮)

ਵਾਸਤਵ ਵਿਚ ਪਾਰਬ੍ਰਹਮ ਤੇ ਗੁਰੂ ਮਿਲ ਕੇ ਇਕ ਹੋ ਜਾਂਦੇ ਹਨ :-

'ਨਾਨਕ ਸੋਧੇ ਸਿੰਮ੍ਰਿਤਿ ਬੇਦ।।
ਪਾਰਬ੍ਰਹਮ ਗੁਰ ਨਾਹੀ ਭੇਦ।।'
(ਭੈਰਉ ਮ: ੫, ਪੰਨਾ ੧੧੪੨)

'ਗੁਰ ਗੋਵਿੰਦੁ, ਗੋਵਿੰਦੁ ਗੁਰੂ ਹੈ,
ਨਾਨਕ ਭੇਦੁ ਨ ਭਾਈ।' (ਪੰਨਾ ੪੪੨)

ਗੁਰ ਦਾਤਾ ਹੈ, ਸਮਰੱਥ ਹੈ, ਡੁਬਦੇ ਨੂੰ ਤਾਰਨ ਵਾਲਾ ਹੈ। ਗੁਰੂ ਗਹਿਰ ਗੰਭੀਰ ਹੈ, ਸੁਖਾਂ ਦਾ ਸਾਗਰ ਹੈ, ਪਾਪਾਂ ਦਾ ਨਾਸ਼ ਕਰਨ ਵਾਲਾ ਹੈ। ਗੁਰੂ ਨਾਲ ਕਿਸੇ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ-

ਗੁਰੁ ਦਾਤਾ, ਸਮਰਥੁ ਗੁਰੁ, ਗੁਰੁ ਸਭ ਮਹਿ ਰਹਿਆ ਸਮਾਇ।।
ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ।।੨।।
ਕਿਤੁ ਮੁਖਿ ਗੁਰੁ ਸਾਲਾਹੀਐ, ਕਰਣ ਕਾਰਣ ਸਮਰਥੁ।।
ਸੇ ਮਥੇ ਨਿਹਚਲ ਰਹੇ, ਜਿਨ ਗੁਰਿ ਧਾਰਿਆ ਹਥੁ।।
ਗੁਰਿ ਅੰਮ੍ਰਿਤ ਨਾਮੁ ਪੀਆਲਿਆ, ਜਨਮ ਮਰਨ ਕਾ ਪਥੁ।।
ਗੁਰੁ ਪਰਮੇਸਰੁ ਸੇਵਿਆ, ਭੈ ਭੰਜਨੁ ਦੁਖ ਲਥੁ ।।੩।।
ਸਤਿਗੁਰੁ ਗਹਿਰ ਗੰਭੀਰੁ ਹੈ ਸੁਖ ਸਾਗਰੁ ਅਘ ਖੰਡੁ।।
ਜਿਨਿ ਗੁਰੁ ਸੇਵਿਆ ਆਪਣਾ, ਜਮਦੂਤ ਨ ਲਾਗੈ ਡੰਡੁ।।
ਗੁਰ ਨਾਲਿ ਤੁਲਿ ਨ ਲਗਈ, ਖੋਜਿ ਡਿਠਾ ਬ੍ਰਹਮੰਡੁ।।
(ਸਿਰੀ ਰਾਗੁ ਮ: ੫, ਪੰਨਾ ੪੯-੫੦)

ਗੁਰੂ ਜੀਅ-ਦਾਨ ਬਖਸ਼ਣ ਵਾਲਾ ਹੈ, ਇਸ ਲਈ ਸਭ ਤੋਂ ਵਡਾ ਦਾਤਾ ਹੈ-

'ਗੁਰ ਜੇਵਡੁ ਦਾਤਾ ਕੋ ਨਹੀ,
ਜਿਨਿ ਦਿਤਾ ਆਤਮਦਾਨੁ।।'
(ਸਿਰੀ ਰਾਗੁ ਮ: ੫,ਪੰਨਾ ੫੨)

ਗੁਰੂ ਤੀਰਥ ਹੈ, ਪਾਰਜਾਤ ਹੈ, ਮਨ ਦੀਆਂ ਇਛਾਂ ਪੂਰਨ ਕਰਦਾ ਹੈ। ਗੁਰੂ ਦੇ ਦਿਤੇ ਨਾਮ ਰਾਹੀਂ ਸੰਸਾਰ ਦਾ ਉਧਾਰ ਹੁੰਦਾ ਹੈ। ਗੁਰੂ ਦੀ ਮਹਿਮਾ ਅਕਥ ਹੈ :-

'ਗੁਰੁ ਤੀਰਥੁ ਗੁਰੁ ਪਾਰਜਾਤੁ,
ਗੁਰੁ ਮਨਸਾ ਪੂਰਣਹਾਰੁ।।
ਗੁਰੁ ਦਾਤਾ, ਹਰਿ ਨਾਮੁ ਦੇਇ,
ਉਧਰੈ ਸਭੁ ਸੰਸਾਰੁ।।
ਗੁਰੁ ਸਮਰਥੁ ਗੁਰੁ ਨਿਰੰਕਾਰੁ,
ਗੁਰੁਊਚਾ ਅਗਮ ਅਪਾਰੁ।।
ਗੁਰ ਕੀ ਮਹਿਮਾ ਅਗਮ ਹੈ,
ਕਿਆ ਕਥੈ ਕਥਨਹਾਰੁ।।੩।।'
(ਸਿਰੀ ਰਾਗੁ ਮ: ੫,ਪੰਨਾ ੫੨)

ਪ੍ਰਮਾਤਮਾ ਦੀ ਬਖਸ਼ਿਸ਼ ਦਵਾਰਾ ਜਦੋਂ ਗੁਰੂ ਮਿਲਦਾ ਹੈ ਤਾਂ ਹਨੇਰੇ ਮਨ ਵਿਚ ਪ੍ਰਕਾਸ਼ ਹੋ ਜਾਂਦਾ ਹੈ-

'ਕਰਿ ਕਿਰਪਾ ਜਉ ਸਤਿਗੁਰੁ ਮਿਲਿਓ।।
ਮਨ ਮੰਦਰ ਮਹਿ ਦੀਪਕੁ ਜਲਿਓ।।
ਜੀਤ ਹਾਰ ਕੀ ਸੋਝੀ ਕਰੀ।।
ਤਉ ਇਸੁ ਘਰ ਕੀ ਕੀਮਤਿ ਪਰੀ।।੭।।
(ਰਾਗ ਗਉੜੀ ਗੁਆਰੇਰੀ, ਪੰਨਾ ੨੩੫)

'ਅੰਧ ਕੂਪ ਮਹਿ ਦੀਪਕੁ ਬਲਿਓ,
ਗੁਰਿ ਰਿਦੈ ਕੀਓ ਪਰਗਾਸਾ।।'
(ਸਾਰਗ ਮ:੫,ਪੰਨਾ ੧੨੧੨)

ਗੁਰੂ-ਦੀਪਕ ਤੋਂ ਹੀ ਮਨੁੱਖੀ ਹਿਰਦੇ ਦਾ ਦੀਪਕ ਬਲ ਸਕਦਾ ਹੈ। ਫਿਰ ਤਿੰਨਾਂ ਭਵਣਾਂ ਵਿਚ ਹਰੀ ਦੀ ਜੋਤਿ ਪਸਰੀ ਹੋਈ ਦਿਸ ਆਉਂਦੀ ਹੈ-

'ਦੀਪਕ ਤੇ ਦੀਪਕੁ ਪਰਗਾਸਿਆ,
ਤ੍ਰਿਭਵਣ ਜੋਤਿ ਦਿਖਾਈ।।'
(ਰਾਮਕਲੀ ਦਖਣੀ ਮ:੧,ਪੰਨਾ ੯੦੭)

ਮਹਾਂ ਮੂਰਖ ਤੋਂ ਗੁਰੂ ਹੀ ਗਿਆਨੀ ਬਨਾਣ ਦੀ ਸਮਰਥਾ ਰਖਦਾ ਹੈ:-

'ਮਹਾ ਮੁਗਧ ਤੇ ਕੀਆ ਗਿਆਨੀ।।
ਗੁਰ ਪੂਰੇ ਕੀ ਅਕਥ ਕਹਾਨੀ।।'
(ਪ੍ਰਭਾਤੀ ਮ: ੫,ਪੰਨਾ੧੩੩੮)

ਗੁਰੂ ਰਾਹੀਂ ਕਾਮਾਦਿਕ ਦੋਸ਼ਾਂ ਤੋਂ ਬਚਾਉ ਹੁੰਦਾ ਹੈ:-

ਅਬ ਮੋਰੋ ਪੰਚਾ ਤੇ ਸੰਗੁ ਤੂਟਾ।।
ਦਰਸਨੁ ਦੇਖਿ ਭਏ ਮਨਿ ਆਨਦ,
ਗੁਰ ਕਿਰਪਾ ਤੇ ਛੂਟਾ।।੧।। ਰਹਾਉ।।
(ਸਾਰਗ ਮ: ੫, ਪੰਨਾ ੧੨੧੦)

ਗੁਰੂ ਮਲਾਹ ਬਣ ਕੇ ਭਵ ਸਾਗਰ ਤੋਂ ਪਾਰ ਉਤਾਰਦਾ ਹੈ। ਗੁਰੂ ਦੀ ਸੇਵਾ ਨਾਲ ਜਮਾਂ ਤੋਂ ਛੁਟਕਾਰਾ ਮਿਲਦਾ ਹੈ। ਹਨੇਰੇ ਵਿਚ ਗੁਰੂ ਦਾ ਮੰਤ੍ਰ ਹੀ ਚਾਨਣ ਕਰਦਾ ਹੈ। ਗੁਰੂ ਦੇ ਹੁਕਮ ਨੂੰ ਕੋਈ ਨਹੀਂ ਮੇਟ ਸਕਦਾ। ਗੁਰੂ ਨਾਨਕ ਹੈ ਅਤੇ ਨਾਨਕ ਵਾਹਿਗੁਰੂ ਦਾ ਰੂਪ ਹੈ।

ਗੁਰੁ ਬੋਹਿਥੁ ਤਾਰੇ ਭਵ ਪਾਰਿ।।
ਗੁਰ ਸੇਵਾ ਜਮ ਤੇ ਛੁਟਕਾਰਿ।।
ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ।।
ਗੁਰ ਕੈ ਸੰਗਿ ਸਗਲ ਨਿਸਤਾਰਾ।।
.... ਗੁਰ ਕਾ **ਸਬਦੁ** ਨ ਮੇਟੈ ਕੋਇ।।
ਗੁਰੁ ਨਾਨਕੁ ਨਾਨਕੁ ਹਰਿ ਸੋਇ।।੪।।
(ਗੌਂਡ ਮਹਲਾ ੫, ਪੰਨਾ ੮੬੪)



www.AKJ.Org

ਗੁਰੂ ਤੋਂ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ :-

ਕਹੁ ਨਾਨਕ ਪ੍ਰਭਿ ਇਹੈ ਜਨਾਈ॥
ਬਿਨੁ ਗੁਰ ਮੁਕਤਿ ਨ ਪਾਈਐ ਭਾਈ॥
(ਗੋਂਡ ਮ: ੫, ਪੰਨਾ ੮੬੪)

ਗੁਰੂ ਤੇ ਹਰੀ ਦੇ ਚਿਹਨ ਮਿਲਦੇ ਹਨ। ਹਰੀ ਹੀ ਗੁਰੂ ਵਿਚ ਹੋ ਕੇ ਵਰਤਦਾ ਹੈ। ਧੰਨ ਗੁਰੂ ਹੈ ਜੋ ਸਮਦਰਸੀ ਹੈ ਅਤੇ ਨਿੰਦਾ ਉਸਤਤ ਨੂੰ ਤਰ ਚੁਕਾ ਹੈ-

ਹਰਿ ਕਾ ਚਿਹਨੁ ਸੋਈ ਹਰਿ ਜਨ ਕਾ,
ਹਰਿ ਆਪੇ ਜਨ ਮਹਿ ਆਪੁ ਰਖਾਂਤਿ॥
ਧਨੁ ਧੰਨੁ ਗੁਰੂ ਨਾਨਕੁ ਸਮਦਰਸੀ,
ਜਿਨਿ ਨਿੰਦਾ ਉਸਤਤਿ ਤਰੀ ਤਰਾਂਤਿ॥
(ਪੰਨਾ ੧੨੬੪)

ਗੁਰੂ ਪਾਰਸ ਹੈ ਜਿਸਦੀ ਛੁਹ ਨਾਲ ਜੀਵ ਉਤਮ ਹੋ ਜਾਂਦਾ ਹੈ ਅਤੇ ਅਦ੍ਰਿਸ਼ਟ ਅਗੋਚਰ ਪ੍ਰਮਾਤਮਾ ਨਾਲ ਅਭੇਦ ਹੁੰਦਾ ਹੈ-

ਗੁਰ ਪਾਰਸ ਹਮ ਲੋਹ, ਮਿਲਿ ਕੰਚਨੁ ਹੋਇਆ ਰਾਮ॥
ਜੋਤਿ ਜੋਤਿ ਮਿਲਾਇ, ਕਾਇਆ ਗੜੁ ਸੋਹਿਆ ਰਾਮ॥
ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ,
ਹਉ ਸਤਿਗੁਰ ਕੈ ਬਲਿਹਾਰੀਐ॥
(ਤੁਖਾਰੀ ਛੰਤ ਮ: ੪, ਪੰਨਾ ੧੧੧੪)

ਗੁਰੂ ਆਪ ਵੀ ਆਪਣੇ ਪਾਰਸ ਗੁਰੂ ਦੀ ਛੁਹ ਪ੍ਰਾਪਤ ਕਰਕੇ, ਪਾਰਸ ਬਣਿਆ ਹੈ। ਮਥੁਰਾ ਭਟ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਵਡਿਆਈ ਕਰਦਿਆਂ ਕਹਿੰਦਾ ਹੈ-

ਪ੍ਰਗਟ ਜੋਤਿ ਜਗਮਗੈ, ਤੇਜੁ ਭੂਅ ਮੰਡਲਿ ਛਾਯਉ॥
ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ॥
(ਸਵਈਏ ਮਹਲ ਪੰਜਵੇਂ ਕੇ, ਪੰਨਾ ੧੪੦੮)

ਗੁਰੂ ਪ੍ਰਮਾਤਮਾ ਨਾਲ ਇਕ ਹੋਣ ਕਰਕੇ ਅਭੁੱਲ ਹੈ-

ਭੁਲਣ ਅੰਦਰਿ ਸਭੁ ਕੋ, ਅਭੁਲੁ ਗੁਰੂ ਕਰਤਾਰ॥
(ਸਿਰੀ ਰਾਗੁ ਮ: ੧, ਪੰਨਾ ੬੧)

ਨਲ ਭਟ ਕਹਿੰਦਾ ਹੈ ਅਜਿਹੇ ਗੁਰੂ ਨੂੰ ਸਦਾ ਚੇਤੇ ਰਖਣਾ ਚਾਹੀਦਾ ਹੈ। ਜਿਨ੍ਹਾਂ ਲੋਕਾਂ ਨੇ ਨਾ ਗੁਰੂ ਨੂੰ ਵੇਖਿਆ ਹੈ ਤੇ ਨਾ ਹੀ ਸ਼ਰਨ ਲਈ ਹੈ ਉਨ੍ਹਾਂ ਦਾ ਸੰਸਾਰ ਤੇ ਆਉਣਾ ਨਿਸਫਲ ਹੈ-

ਗੁਰੁ ਨਯਣਿ ਬਯਣਿ ਗੁਰੁ ਗੁਰੁ ਕਰਹੁ,
ਗੁਰੂ ਸਤਿ ਕਵਿ ਨਲ੍ਯ ਕਹਿ॥
ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ,
ਤੇ ਅਕਯਥ ਸੰਸਾਰ ਮਹਿ॥
(ਸਵਈਏ ਮਹਲੇ ਚਉਥੇ ਕੇ, ਪੰਨਾ ੧੩੯੯)

ਗੁਰੂ ਦੀ ਸ਼ਕਤੀ ਅਪਾਰ ਹੈ। ਉਹ ਕੱਚ ਤੋਂ ਕੰਚਨ ਕਰ ਦਿੰਦਾ ਹੈ, ਬਿਖ ਤੋਂ ਅੰਮ੍ਰਿਤ ਬਣਾ ਦਿੰਦਾ ਹੈ, ਲੋਹੇ ਤੋਂ ਲਾਲ ਕਰ ਸਕਦਾ ਹੈ, ਪੱਥਰ ਤੋਂ ਹੀਰਾ ਬਣਾ ਦਿੰਦਾ ਹੈ, ਕਾਠ ਤੋਂ ਚੰਦਨ ਵਿਚ ਬਦਲ ਦਿੰਦਾ ਹੈ ਅਤੇ ਪਸ਼ੂ ਪ੍ਰੇਤ ਤੋਂ ਦੇਵਤਾ ਬਣਾਣ ਦੀ ਸਮਰਥਾ ਰਖਦਾ ਹੈ।-

ਕਚਹੁ ਕੰਚਨੁ ਭਇਅਉ,
ਸਬਦੁ ਗੁਰ ਸ੍ਰਵਣਹਿ ਸੁਣਿਓ॥
ਬਿਖੁ ਤੇ ਅੰਮ੍ਰਿਤੁ ਹੁਯਉ,
ਨਾਮੁ ਸਤਿਗੁਰ ਮੁਖਿ ਭਣਿਅਉ॥
ਲੋਹਉ ਹੋਯਉ ਲਾਲੁ,
ਨਦਰਿ ਸਤਿਗੁਰ ਜਦਿ ਧਾਰੈ॥
ਪਾਹਣ ਮਾਣਕ ਕਰੈ,
ਗਿਆਨੁ ਗੁਰ ਕਹਿਅਉ ਬੀਚਾਰੈ॥
ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ,
ਦੁਖ ਦਰਿਦ੍ਰ ਤਿਨ ਕੇ ਗਇਅ॥
ਸਤਿਗੁਰੂ ਚਰਨ ਜਿਨ੍ ਪਰਸਿਆ,
ਸੇ ਪਸੁ ਪਰੇਤ ਸੁਰਿ ਨਰ ਭਇਅ॥
(ਸਵਈਏ ਮ: ੪ਕੇ,ਪੰਨਾ ੧੩੯੯)

ਗੁਰੂ ਹੀ ਆਦਰਸ਼ਕ ਮਨੁੱਖ ਹੈ, ਪੂਰਨ ਹੈ। ਗੁਰੂ ਹੀ ਨਿਰੰਕਾਰ ਨਾਲ ਜੁੜਿਆ ਹੋਇਆ ਹੋਣ ਕਾਰਨ ਸੱਚਾ ਯੋਗੀ ਹੈ। ਗੁਰੂ ਨਿਰਾਕਾਰ ਦੀ ਹਜ਼ੂਰੀ ਰੂਪੀ ਦਸਮ ਦੁਆਰ ਵਿਚ ਸਮਾਧੀ ਸਥਿਤ ਹੈ-

ਜਤੁ ਸਤੁ ਸੰਜਮ ਸਾਚੁ ਦ੍ਰਿੜਾਇਆ,
ਸਾਚ ਸਬਦਿ ਰਸਿ ਲੀਣਾ॥੧॥
ਮੇਰਾ ਗੁਰੁ ਦਇਆਲੁ ਸਦਾ ਰੰਗਿ ਲੀਣਾ॥
ਅਹਿਨਿਸਿ ਰਹੈ ਏਕ ਲਿਵ ਲਾਗੀ,
ਸਾਚੇ ਦੇਖਿ ਪਤੀਣਾ॥੧॥ਰਹਾਉ॥
ਰਹੈ ਗਗਨਪੁਰਿ, ਦ੍ਰਿਸਟਿ ਸਮੈ ਸਰਿ,
ਅਨਹਤ ਸਬਦਿ ਰੰਗੀਣਾ॥੨॥
ਸਤੁ ਬੰਧਿ ਕੁਪੀਨ ਭਰਪੁਰਿ ਲੀਣਾ,
ਜਿਹਵਾ ਰੰਗਿ ਰਸੀਣਾ॥੩॥
(ਰਾਮਕਲੀ ਦਖਣੀ ਮ: ੧, ਪੰਨਾ੯੦੭)

ਗੁਰੂ ਆਪ ਆਦਰਸ਼ਕ ਤੇ ਪੁਗਿਆ ਹੋਇਆ ਹੈ ਅਤੇ ਆਪਣੇ ਵਰਗਾ ਬਣਾਣ ਦੀ ਸਮਰਥਾ ਰਖਦਾ ਹੈ, ਜਿਵੇਂ ਗੁਰੂ ਨਾਨਕ ਤੋਂ ਗੁਰੂ ਅੰਗਦ ਜੀ ਬਣੇ ਤੇ ਅਗੋਂ ਇਹੋ ਜੋਤਿ ਅਗਾਂਹ ਤੁਰਦੀ ਗਈ।

ਲਹਣੇ ਦੀ ਫੇਰਾਈਐ, ਨਾਨਕਾ ਦੋਹੀ ਖਟੀਐ॥
ਜੋਤਿ ਓਹਾ, ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ॥
(ਵਾਰ ਸਤਾ ਬਲਵੰਡ, ਪੰਨਾ ੯੬੬)



www.AKJ.Org

# ਰਾਗ ਮਾਲਾ ਪੜਚੋਲ

ਗਿ: ਸੁਰਜੀਤ ਸਿੰਘ
(ਮੈਂਬਰ ਧਰਮ ਪ੍ਰਚਾਰ ਕਮੇਟੀ, ਦਿਲੀ)

(ਸੂਰਾ ਅਗਸਤ ੯੭ ਤੋਂ ਅਗੇ)

ਵਿਦਵਾਨਾਂ ਅਨੁਸਾਰ ਇਸ ਵਿਸ਼ੇ ਉਪਰ ਇਕ ਗੱਲ ਹੋਰ ਧਿਆਨ ਮੰਗਦੀ ਹੈ। ਉਹ ਇਹ ਕਿ ਪੰਥ ਅੰਦਰ ਜਿਤਨੇ ਵੀ ਵਿਦਵਾਨਾਂ ਨੇ ਇਸ ਪੱਖੋਂ ਖੋਜ ਕੀਤੀ ਅਤੇ ਸਮਾਂ ਲਗਾਇਆ ਹੈ ਅੰਤ ਇਸ ਸਿੱਟੇ ਉਪਰ ਪੁਜੇ ਹਨ ਕਿ ਰਾਗ ਮਾਲਾ ਗੁਰਬਾਣੀ ਨਹੀਂ ਬਲਕਿ ਪਹਿਲਾਂ ਜਦੋਂ ਬੀੜਾਂ ਹਸਤ ਲਿਖਿਤ ਸਨ ਤਾਂ ਕਿਸੇ ਅਜਿਹੇ ਸਮੇਂ ਪਿਛਲੇ ਪੰਨੇ ਉਪਰ ਰਾਗਾਂ ਆਦਿ ਦੇ ਨਾਮ ਯਾਦ ਕਰਨ ਵਾਸਤੇ ਜਾਂ ਕਿਸੇ ਢੰਗ ਨਾਲ ਇਸਦਾ ਲਿਖੇ ਜਾਣਾ ਅਰੰਭ ਹੋ ਗਿਆ ਜੋ ਛਪਾਈ ਸਮੇਂ ਅਨਜਾਣ ਪੁਣੇ ਵਿਚ ਨਾਲ ਹੀ ਛਪ ਗਿਆ ਅਤੇ ਦੂਰ-ਦੂਰ ਪਹੁੰਚਣ ਕਰਕੇ ਪ੍ਰਚਲਤ ਹੋ ਗਿਆ। ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ ਨੇ ਇਸ ਨੂੰ ਸਪਸ਼ਟ ਆਲਮ ਕਵੀ ਲਿਖਿਤ "ਮਾਧਵਾ ਨਲ ਅਤੇ ਕਾਮਕੰਦਲਾ" ਦੇ ਪ੍ਰਸੰਗ ਦਾ ਹਿੱਸਾ ਲਿਖਿਆ। ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਦੇ ਸ਼ਬਦਾਂ ਵਿਚ:- "ਮਾਧਵਾ ਨਲ ਦੇ, ਆਲਮ ਕਵ ਕ੍ਰਿਤ, ਹਿੰਦੀ ਅਨੁਵਾਦ ਵਿਚੋਂ-ਜਿਸ ਵਿਚ ਛੀ ਰਾਗ, ਉਨ੍ਹਾਂ ਦੀਆਂ ਪੰਜ ਪੰਜ ਰਾਗਣੀਆਂ ਅਤੇ ਅੱਠ ਅੱਠ ਪੁੱਤਰ ਦੱਸੇ ਹਨ" ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ ਨੇ ਤਾਂ ਇਕ ਪੂਰੀ ਰਚਨਾ 'ਮਾਧਵਾ ਨਲ ਅਤੇ ਕਾਮਕੰਦਲਾ (ਕ੍ਰਿਤ ਕਵੀ ਆਲਿਮ) ਤੇ ਰਾਗ ਮਾਲਾ ਨਿਰਣਯ (ਪੜਚੋਲ) ਲਿਖ ਕਰਕੇ ਸੰਗਤਾਂ ਵਾਸਤੇ ਪੂਰਾ ਪ੍ਰਸੰਗ ਤੱਥਾਂ ਸਹਿਤ ਛਪਵਾ ਦਿਤਾ। ਨਾਲ ਹੀ ਪੂਰੀ ਪੜਚੋਲ ਰਾਹੀਂ ਸਾਬਤ ਕਰਕੇ ਵੀ ਰੱਖ ਦਿਤਾ ਕਿ 179 ਚੌਪਈਆਂ ਅਤੇ ਦੋਹਰਿਆਂ ਦੇ ਉਸ ਪ੍ਰਸੰਗ ਵਿਚੋਂ ਅੰਗ ਨੰ: 34 ਤੋਂ 38 ਤੀਕ, ਮੌਜੂਦਾ ਰਾਗ ਮਾਲਾ ਹੈ। ਪੰਚ ਖਾਲਸਾ ਦੀਵਾਨ ਦੇ ਆਗੂ ਗੁਰਪੁਰਵਾਸੀ ਬਾਬੂ ਤੇਜਾ ਸਿੰਘ ਜੀ ਨੇ ਦੀਵਾਨ ਵਲੋਂ ਬਾਕਾਇਦਾ ਗੁਰਮਤਾ ਸੋਧ ਕਰਕੇ ਇਸ ਰਾਗ ਮਾਲਾ ਨੂੰ ਪੂਰਨ ਵਿਦਾਇਗੀ ਦੇ ਦਿਤੀ। ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਪੱਕੇ ਤੌਰ ਤੇ ਐਲਾਨ ਕਰ ਦਿਤਾ ਕਿ ਇਸ ਜੱਥੇ ਨਾਲ ਸਾਂਝ ਰੱਖਣ ਵਾਲਾ ਕੋਈ ਵੀ ਸਿੰਘ-ਸਿੰਘਣੀ ਰਾਗ ਮਾਲਾ ਨਹੀਂ ਪੜ੍ਹੇਗਾ, ਕਿਉਂਕਿ ਇਹ ਗੁਰਬਾਣੀ ਨਹੀਂ। ਅੱਜ ਤੋਂ ਕੁਝ ਸਮਾਂ ਪਹਿਲਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜੱਥੇ ਰਾਹੀਂ ਰਾਗ ਮਾਲਾ ਤੋਂ ਬਗੈਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਛਾਪਣ ਦਾ ਐਲਾਨ ਵੀ ਕੀਤਾ ਗਿਆ, ਪਰ ਪੰਥ ਦੀ ਇਸ ਪੱਖੋਂ ਪੂਰੀ ਤਿਆਰੀ ਨਾ ਹੋਣ ਕਾਰਣ, ਇਹ ਗੱਲ ਅਜੇ ਸਿਰੇ ਨਹੀਂ ਚੜ੍ਹ ਸਕੀ। ਭਾਈ ਸਾਹਿਬ ਦੇ ਜੱਥੇ ਦਾ ਕੋਈ ਸਿੰਘ ਰਾਗ ਮਾਲਾ ਨਹੀਂ ਪੜ੍ਹਦਾ। ਪੰਥ ਦੇ ਮਹਾਨ ਵਿਦਵਾਨ, ਗੁਰਬਾਣੀ ਦੇ ਪੁੰਜ ਪੰਥ ਦੀ ਚਲਦੀ ਫਿਰਦੀ ਯੂਨੀਵਰਸਟੀ ਗੁਰਪੁਰ ਵਾਸੀ ਪ੍ਰੋ: ਸਾਹਿਬ ਸਿੰਘ ਜੀ ਨੇ ਪੂਰੀ ਤਰਾਂ ਸਾਬਤ ਕਰ ਦਿਤਾ ਕਿ ਰਾਗ ਮਾਲਾ ਗੁਰੂ ਰਚਨਾ ਨਹੀਂ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਦੀ ਅੰਤਮ ਅਤੇ ਦਸਵੀਂ ਪੋਥੀ ਵਿਚ ਗੁਰਬਾਣੀ ਅਰਥਾਂ ਦੀ ਸਮਾਪਤੀ ਮੁੰਦਾਵਣੀ ਉਪਰ ਹੀ ਕੀਤੀ ਅਤੇ ਸੱਚਾਈ ਨੂੰ ਪ੍ਰਗਟ ਕਰਨ ਹਿਤ ਰਾਗ ਮਾਲਾ ਦੇ ਅਰਥ ਬਾਅਦ ਵਿਚ ਵੱਖਰੇ ਤੌਰ ਤੇ ਕੀਤੇ ਅਤੇ ਸੱਚ ਦੇ ਅਭਿਲਾਸ਼ੀਆ ਵਾਸਤੇ ਨਾਲ-ਨਾਲ ਜ਼ਰੂਰੀ ਟੂਕਾਂ ਅਤੇ ਨੋਟ ਵੀ ਦੇ ਦਿਤੇ। ਪੰਡਤ ਤਾਰਾ ਸਿੰਘ ਜੀ ਨਰੋਤਮ ਰਾਗ ਮਾਲਾ ਬਾਰੇ ਆਪਣੀ ਰਚਨਾ 'ਗੁਰ 'ਗਿਰਰਾਥ ਕੋਸ਼' ਵਿਚ ਇਸ ਤਰਾਂ ਲਿਖਦੇ ਹਨ-

ਮੁੰਦਾਵਣੀ ਦਾ ਪਾਠ ਗ੍ਰੰਥ ਸਾਹਿਬ ਜੀ ਕੀ ਸਮਾਪਤੀ ਸਮੇਂ ਆਪਣੀ ਮੁਹਰ ਰੂਪ ਕਰਕੇ ਅੰਤ ਮੇ ਰਖਾ, ਰਾਗ ਮਾਲਾ ਕਾਹੂੰ ਨੇ ਪੀਛੇ ਸੇ ਪਾਈ। ਜੈਸੇ ਭਾਈ ਬੰਨੋ ਨੇ ਗੁਰ ਕੇ ਸਾਹਮਣੇ ਹੀ ਦੂਸਰੀ ਬੀੜ ਮੇ ਕਈ ਬਾਣੀਆਂ ਚੜ੍ਹਾਈਆਂ, ਜਿਨ ਕੋ ਸੁਣ ਕਰ ਗੁਰੂ ਜੀ ਨੇ ਉਸ ਦਾ ਨਾਮ ਖਾਰੀ ਬੀੜ ਧਰਾ ਹੈ।

ਚੂੜਾਮਣਿ ਕਵੀ ਸੰਤੋਖ ਸਿੰਘ ਜੀ, ਗੁਰੂ ਪ੍ਰਤਾਪ ਸੂਰਜ, ਰਾਸਿ 3 ਅ:47 ਵਿਚ ਰਾਗ ਮਾਲਾ ਬਾਰੇ ਲਿਖਦੇ ਹਨ:-

ਰਾਗ ਮਾਲਾ ਸ੍ਰੀ ਗੁਰੂ ਕੀ ਕ੍ਰਿਤ ਨਹਿ,
ਹੈ ਮੁੰਦਾਵਣੀ ਲਗਿ ਗੁਰ ਬੈਨ।।
ਇਸ ਮਹਿ ਨਹਿ ਸੰਸੈ ਕਛੁ ਕਰੀਅਹਿ,
ਜੋ ਸੰਸੈ ਅਵਿਲੋਕਹ ਨੈਨ।।
ਮਾਧਵ ਨਲ ਆਲਿਮ ਕਵਿ ਕੀਨੀਸ,
ਤਿਸ ਮਹਿ ਨ੍ਰਿਤਕਾਰੀ ਕਹਿ ਬੈਨ।।
ਰਾਗ ਰਾਗਨੀ ਨਾਮ ਗਿਨੇ ਤਿਹ,
ਤਾਂ ਤੇ ਸ੍ਰੀ ਅਰਜੁਨ ਕ੍ਰਿਤ ਹੈ ਨ।। 40।।
ਇਹ ਸੁਧ ਨਹੀਂ ਲਿਖੀ ਇਹ ਗੁਰੂ ਨੇ,
ਕਿਥੋਂ ਸਿਖ ਕਾਹੂ ਲਿਖ ਦੀਨ।।
ਰਾਗ ਨਾਮ ਸਬ ਜਾਨੈ ਰਾਗੀ,
ਯਾ ਕਾਰਣ ਲਿਖ ਦਈ ਪ੍ਰਬੀਨ।।

ਇਸ ਤਰਾਂ ਕਵੀ ਸੰਤੋਖ ਸਿੰਘ ਜੀ ਨੇ ਵੀ ਇਸ ਰਾਗ ਮਾਲਾ ਵਿਰੁੱਧ ਭਰਵੀਂ ਆਵਾਜ਼ ਉਠਾਈ ਅਤੇ ਸਪਸ਼ਟ ਲਿਖਿਆ ਕਿ ਰਾਗ ਮਾਲਾ ਗੁਰੂ ਸਾਹਿਬ ਦੀ ਰਚਨਾ ਨਹੀਂ। ਗੁਰਬਾਣੀ ਕੇਵਲ ਮੁੰਦਾਵਣੀ ਤੀਕ ਹੀ ਹੈ। ਹੋਰ ਪੱਕਾ



www.AKJ.Org

ਕੀਤਾ ਕਿ ਭਾਈ ! ਇਸ ਗੱਲ ਵਿਚ ਰੱਤਾ ਭਰ ਸ਼ੰਕਾ ਨਹੀਂ ਕਰਨੀ। ਭਾਵੇਂ ਕਿਸੇ ਪੱਖੋਂ ਨਜ਼ਰਾਂ ਨੂੰ ਧੋਖਾ ਵੀ ਲੱਗੇ, ਤਾਂ ਵੀ ਧੋਖਾ ਨਹੀਂ ਖਾਣਾ। ਰਾਗ ਮਾਲਾ ਉੱਕਾ ਹੀ ਗੁਰਬਾਣੀ ਨਹੀਂ।

ਤਾਂ ਫਿਰ ਰਾਗ ਮਾਲਾ ਹੈ ਕੀ ? ਇਸ ਦਾ ਵੇਰਵਾ ਦਿੰਦੇ ਹੋਏ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਭਾਈ ! ਇਹ ਤਾਂ ਆਲਮ ਕਵੀ ਦਾ ਲਿਖਿਆ 'ਮਾਧਵਾ ਨਲ ' ਦਾ ਪ੍ਰਸੰਗ ਹੈ ਜਿਸ ਵਿਚੋਂ ਇਹ ਨ੍ਰਿਤਕਾਰੀ ਦਾ ਜ਼ਿਕਰ ਹੈ ਅਤੇ ਪੰਚਮ ਪਿਤਾ ਜੀ ਦੀ ਇਹ ਰਚਨਾ ਨਹੀਂ।

ਗੱਲ ਨੂੰ ਹੋਰ ਦ੍ਰਿੜ ਕਰਦੇ ਹੋਏ ਕਵੀ ਜੀ ਅਗੇ ਲਿਖਦੇ ਹਨ ਕਿ ਇਹ ਕਹਿਣਾ ਤਾਂ ਉੱਕਾ ਹੀ ਸ਼ੁੱਧ ਨਹੀਂ ਭਾਵ ਠੀਕ ਨਹੀਂ ਕਿ ਇਸਦੀ ਰਚਨਾ ਸਤਿਗੁਰਾਂ ਨੇ ਕੀਤੀ। ਇਹ ਤਾਂ ਕਿਸੇ ਸਿੱਖ ਨੇ ਕਿਧਰੋਂ ਚੁਕ ਕਰਕੇ ਲਿਖ ਦਿਤੀ ਹੈ। ਸ਼ਾਇਦ ਉਸ ਗੁਰਸਿੱਖ ਨੇ ਕੇਵਲ ਇਸ ਖਿਆਲ ਨਾਲ ਲਿਖੀ ਹੈ "ਤਾਂ ਜੋ ਰਾਗੀ ਸਿੰਘ ਰਾਗਾਂ ਦੇ ਨਾਮ ਚੇਤੇ ਕਰ ਸਕਣ।

ਪ੍ਰਿੰਸੀਪਲ ਹਰਿਭਜਨ ਸਿੰਘ ਜੀ (ਭਾਈ ਸਾਹਿਬ) ਸਾਬਕਾ ਪ੍ਰਿੰਸੀਪਲ ਸ਼ਹੀਦ ਸਿੱਖ ਮਿਸ਼ਨਰੀ ਕਾਲਿਜ ਅੰਮ੍ਰਿਤਸਰ ਇਸ ਨੂੰ ਗੁਰਬਾਣੀ ਨਹੀਂ ਮੰਨਦੇ। ਗੁਰਪੁਰਵਾਸੀ ਪੰਥ ਮਹਾਨ ਵਿਦਵਾਨ ਗਿ: ਭਾਗ ਸਿੰਘ ਜੀ ਅੰਬਾਲਾ ਵੀ ਅਨੇਕਾਂ ਤਰਕ ਦੇ ਕਰਕੇ ਸਾਬਤ ਕਰਦੇ ਰਹੇ ਹਨ ਕਿ ਰਾਗ ਮਾਲਾ ਗੁਰਬਾਣੀ ਨਹੀਂ, ਬਲਕਿ ਜਿਥੇ ਬਦੋਬਦੀ ਰਾਗ ਮਾਲਾ ਦਾ ਪਾਠ ਕਰਨ ਦਾ ਹੱਠ ਕੀਤਾ ਜਾਂਦਾ ਤਾਂ ਵੀ ਆਪ ਇਸਦਾ ਪਾਠ ਨਹੀਂ ਕਰਦੇ ਜਾਂ ਫਿਰ ਸਮਾਗਮ ਵਿਚੋਂ ਪਹਿਲਾਂ ਹੀ ਉਠਕੇ ਚਲੇ ਜਾਂਦੇ। ਅਜ ਕਲ ਦੇ ਲਗਭਗ ਬਹੁਤੇ ਵਿਦਵਾਨ ਵੀ ਰਾਗ ਮਾਲਾ ਨੂੰ ਗੁਰਬਾਣੀ ਨਹੀਂ ਮੰਨਦੇ ।

ਤਾਂ ਫਿਰ ਰਾਗ ਮਾਲਾ ਹੈ ਕੀ ?

ਇਸ ਵਿਸ਼ੇ ਨੂੰ ਸਮਝਣਾ, ਸੱਚਾਈ ਦੀ ਤਹਿ ਤੀਕ ਪਹੁੰਚਣ ਵਾਸਤੇ ਹੋਰ ਵੀ ਜ਼ਿਆਦਾ ਜ਼ਰੂਰੀ ਹੋ ਜਾਂਦਾ ਹੈ। ਅਸਲ ਵਿਚ ਮਾਧਵਾ ਨਲ ਅਤੇ ਕਾਮਕੰਦਲਾ ਇਕ ਪੁਰਾਣੀ ਸੰਸਕ੍ਰਿਤ ਦੀ ਰਚਨਾ ਹੈ। ਜਿਸ ਵਿਚ ਮਾਧਵਾ ਨਲ ਇਕ ਰਾਗ ਵਿਦਿਆ ਦਾ ਨਿਪੁੰਨ ਵਿਦਵਾਨ ਬ੍ਰਾਹਮਣ ਹੈ ਅਤੇ ਕਾਮ ਕੰਦਲਾ ਇਕ ਨਾਚੀ ਵੇਸ਼ਿਆ। ਸਾਰੀ ਕਹਾਣੀ ਪੁਰਾਤਨ ਵਿਸ਼ਵਾਸ਼ਾਂ ਉਪਰ ਆਧਾਰਿਤ ਹੈ। ਅਤੇ ਇਸਦਾ ਵਿਸ਼ਾ ਹੈ, ਬ੍ਰਾਹਮਣ ਭਾਵੇਂ ਕਿਤਨਾ ਵੀ ਦੁਰਾਚਾਰੀ ਅਤੇ ਨੀਚ ਹੋਵੇ ਤਾਂ ਵੀ ਪੂਜਨ ਯੋਗ ਹੈ ਅਤੇ ਉਸਦਾ ਅਪਮਾਨ ਨਾ ਬਖਸ਼ਿਆ ਜਾਣ ਯੋਗ ਅਪਰਾਧ ਹੈ।

ਅਕਬਰ ਬਾਦਸ਼ਾਹ ਦੇ ਰਾਜ ਸਮੇਂ ਕੁਝ ਦਰਬਾਰੀ ਅਤੇ ਕੁਝ ਗੈਰ ਦਰਬਾਰੀ ਕਵੀਆਂ ਵਿਚ, ਪੁਰਾਤਨ ਰਚਨਾਵਾਂ ਨੂੰ ਲੋਕ ਭਾਸ਼ਾ ਵਿਚ ਉੱਲਥੇ ਕਰਨ ਦੀ ਇਕ ਲਹਿਰ ਚਲ ਪਈ। ਇਸ ਦੌਰਾਨ ਹੀ ਇਕ ਆਲਮ ਨਾਮ ਦੇ ਸੂਫੀ ਮੁਸਲਮਾਨ ਕਵੀ ਨੇ ਇਸ ਸੰਸਕ੍ਰਿਤ ਰਚਨਾ ਨੂੰ ਹਿੰਦੀ ਵਿਚ ਲਿਖਿਆ, ਜਿਸਦੇ ਆਰੰਭ ਵਿਚ ਹੀ ਉਸ ਨੇ ਸਪਸ਼ਟ ਲਿਖਿਆ ਹੈ ਕਿ ਉੱਲਥਾ ਸੰਨ 991 ਹਿਜਰੀ ਵਿਚ ਕੀਤਾ ਗਿਆ ਹੈ ਜੋ ਕਿ ਸੰਮਤ1640 ਬਣਦਾ ਹੈ ਜਿਵੇਂ-'ਸਨ ਨਉਸੈ ਇਕਾਨਵਾ ਆਹੀ, ਕਰਹ ਕਥਾ ਅਸ ਬਨਉ ਤਾਹੀਂ'।

'ਭਾਵ ਹੁਣ (ਆਹੀ) ਸੰਨ 991 ਹਿਜਰੀ ਸੰਨ ਹੈ ਜਦੋਂ ਕਿ ਇਹ ਪੁਸਤਕ ਲਿਖੀ ਜਾ ਰਹੀ ਹੈ।' ਪੁਰਾਤਨ ਹਸਤ ਲਿਖਿਤਾਂ ਦੇ ਮਹਾਨ ਖੋਜੀ, ਸ਼ਮਸ਼ੇਰ ਸਿੰਘ ਜੀ ਅਸ਼ੋਕ ਨੇ ਆਪਣੀ ਰਚਨਾ ਰਾਗ ਮਾਲਾ ਨਿਰਣਯ ਵਿਚ ਜਿਸਦਾ ਕਿ ਜ਼ਿਕਰ ਇਸ ਲੇਖ ਵਿਚ ਪਹਿਲਾ ਵੀ ਆ ਚੁਕਾ ਹੈ, ਉਸ ਰਚਨਾ ਨੂੰ ਪੂਰੀ ਦੀ ਪੂਰੀ ਛਾਪ ਕਰਕੇ ਸੰਗਤਾਂ ਪ੍ਰਤੀ ਅਰਪਣ ਕੀਤੀ ਹੈ। ਇਹ ਸਾਰੀ ਰਚਨਾ 179 ਚੌਪਈਆਂ, ਦੋਹਰਿਆਂ ਅਤੇ ਸੋਰਠਾਂ ਵਿਚ ਵੰਡੀ ਹੋਈ ਹੈ। ਅਤੇ ਉਥੇ ਨੰਬਰ ਕ੍ਰਮ ਵੀ ਸਪਸ਼ਟ ਚਲ ਰਿਹਾ ਹੈ। ਮੌਜੂਦਾ ਰਾਗ ਮਾਲਾ ਉਸ ਵਿਚੋਂ ਲਈ ਹੋਈ ਹੈ। ਹੱਥਲੀ ਰਾਗ ਮਾਲਾ ਉਸ ਵਿਚੋਂ ਅੰਕ 34 ਤੋਂ 38 ਤੀਕ ਹੈ। ਅਸਲ ਰਚਨਾ ਵਿਚ, ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜੀ ਗਈ ਰਾਗ ਮਾਲਾ ਵਾਂਗ ਅੰਕ 1 ਤੋਂ ਬਾਅਦ 1 ਅੰਕ ਨਹੀਂ ਚਲਦਾ, ਬਲਕਿ ਬਾਕਾਇਦਾ 34 ਤੋਂ ਬਾਅਦ 35 ਅਤੇ 36 ਫਿਰ 37 ਅਤੇ 38 ਚਲ ਰਹੇ ਹਨ, ਅਤੇ ਹਰ ਚੌਪਈ ਤੋਂ ਬਾਅਦ ਹਰ ਇਕ ਦੋਹਿਰੇ ਦਾ ਸਿਰਲੇਖ ਮੌਜੂਦ ਹੈ, ਅਤੇ ਇਸਦਾ ਰਚਨਾ ਕਾਲ ਗੁਰਬਾਣੀ ਸੰਪਾਦਨਾ ਤੋਂ 21 ਸਾਲ ਪਹਿਲਾਂ ਹੈ। ਆਦਿ ਬੀੜ ਦਾ ਸੰਪਾਦਨਾ ਕਾਲ ਸੰਮਤ 1661 ਹੈ। ਮਾਧਵਾ ਨਲ ਕਾਮਕੰਦਲਾ ਦੀ ਸੰਖੇਪ ਕਹਾਣੀ ਇਸ ਪ੍ਰਕਾਰ ਹੈ। (ਕਹਾਣੀ ਅਤਿ ਅਸ਼ਲੀਲ ਹੋਣ ਕਰਕੇ ਕਲਮ ਹੇਠ ਲਿਆਵਣੀ ਸੌਖੀ ਨਹੀਂ। ਫਿਰ ਵੀ ਪਾਠਕਾਂ ਦੀ ਜਾਣਕਾਰੀ ਹਿਤ ਇਸਦਾ ਸੰਖੇਪ ਵਰਨਣ, ਅਤਿ ਜ਼ਰੂਰੀ ਹੈ ਕਿਉਂਕਿ ਇਸ ਕਹਾਣੀ ਨੂੰ ਜਾਨੇ ਬਿਨਾਂ, ਰਾਗ ਮਾਲਾ ਦੀ ਤਹਿ ਤੀਕ ਪਹੁੰਚਣਾ ਅਸੰਭਵਹੈ।)

ਕਹਾਣੀ ਦਾ ਸੰਖੇਪ

ਪੁਸ਼ਪਾਵਤੀ ਇਕ ਨਗਰੀ ਦਾ ਨਾਮ ਹੈ, ਜਿਥੋਂ ਦਾ ਰਾਜਾ, ਗੋਬਿੰਦ ਚੰਦ ਸੀ। ਇਕ ਬ੍ਰਾਹਮਣ 'ਮਾਧਵਾ ਨਲ' ਸੀ, ਇਹ ਉਸਦਾ ' ਰਾਜ ਬ੍ਰਾਹਮਣ' ਸੀ ਅਤੇ ਨਿਤਾ ਪ੍ਰਤੀ ਸਵੇਰੇ ਰਾਜ ਦਰਬਾਰ ਵਿਚ ਗੰਗਾ ਜਲ ਤੁਲਸੀ



www.AKJ.Org

ਆਦਿ ਨਾਲ ਪੂਜਾ ਕ੍ਰਮ ਨਿਭਾਉਂਦਾ ਸੀ। ਇਹ ਬ੍ਰਾਹਮਣ ਰਾਗ ਵਿਦਿਆ ਵਿਚ ਬੜਾ ਨਿਪੁੰਨ, ਦਿਲ ਖਿਚਵੇਂ ਸਰੀਰ ਵਾਲਾ ਅਤੇ ਬੜਾ ਸੁੰਦਰ ਇਨਸਾਨ ਸੀ। ਕਹਾਣੀ ਅਨੁਸਾਰ ਇਹ ਬ੍ਰਾਹਮਣ ਚਾਰਾਂ ਵੇਦਾਂ, ਪੁਰਾਣਾਂ ਕਹੇ ਜਾਂਦੇ ਨੌਂ ਵਿਆਕਰਣਾਂ ਦਾ ਵਿਦਵਾਨ ਸੀ। ਇਤਨਾ ਸੁੰਦਰ ਸੀ ਕਿ ਕਾਮਦੇਵ ਦੀ ਇਹ ਬ੍ਰਾਹਮਣ ਮਾਨੋ ਸਾਕਸ਼ਾਤ ਮੂਰਤ ਸੀ।

ਜਿਥੇ ਕਿਥੇ ਵੀ ਇਸ ਬ੍ਰਾਹਮਣ ਨੂੰ ਨਗਰ ਦੀਆਂ ਨਾਰੀਆਂ ਦੇਖਦੀਆਂ ਜਾਂ ਇਸ ਰਾਹੀਂ ਰਾਗ ਵਿਦਿਆ ਦੀ ਭਿਨਕ ਉਹਨਾਂ ਦੇ ਕੰਨਾਂ ਵਿਚ ਪੈਂਦੀ ਉਹਨਾਂ ਨੂੰ ਆਪਣੀ ਸੁਧ ਬੁਧ ਭੁਲ ਜਾਂਦੀ। ਉਹ ਕਾਮਾਤੁਰ ਹੋ ਜਾਂਦੀਆਂ। ਇਥੋਂ ਤੀਕ ਕਿ ਉਹਨਾਂ ਦੇ ਸਿਰਾਂ ਉਪਰੋਂ ਗਾਗਰਾਂ ਡਿੱਗ ਪੈਂਦੀਆਂ ਅਤੇ ਹੱਥਾਂ ਵਿਚ ਪਕੜੇ ਅਪਣੇ ਪਤੀਆਂ ਵਾਸਤੇ ਭੋਜਨ ਦੇ ਥਾਲ ਵੀ ਡਿੱਗ ਪੈਂਦੇ। ਘਰਾਂ ਵਿਚ ਕਲੇਸ਼ ਪੈਦਾ ਹੋ ਜਾਂਦੇ, ਇਸਤ੍ਰੀਆਂ ਉੱਤਰ ਦੇਂਦੀਆਂ ਕਿ ਇਹ ਗੱਲ ਉਹਨਾਂ ਦੇ ਵੱਸ ਵਿਚ ਨਹੀਂ। ਮਾਧਵਾ ਨਲ ਹੈ ਹੀ ਕਾਮਦੇਵ ਦੀ ਮੂਰਤੀ ਅਤੇ ਉਸ ਰਾਹੀਂ ਗਾਇਆ ਸੰਗੀਤ ਕਾਮ ਵੱਸ ਕਰਨ ਵਾਲਾ ਹੈ। ਨਗਰ ਦੇ ਮਨੁੱਖਾਂ ਲਈ ਇਹ ਅਵਸਥਾ ਅਸਹਿ ਸੀ।

ਨਗਰ ਦੇ ਪੁਰਖਾਂ ਇਕੱਠੇ ਹੋ ਕੇ ਰਾਜੇ ਅਗੇ ਫਰਿਆਦ ਕੀਤੀ ਅਤੇ ਧਮਕੀ ਦਿਤੀ ਕਿ ਜੇਕਰ ਮਾਧਵਾ ਨਲ ਨੂੰ ਤੁਰੰਤ ਪੁਰੀ ਵਿਚੋਂ ਕੱਢਿਆ ਨਾ ਗਿਆ ਤਾਂ ਸਾਰੀ ਪ੍ਰਜਾ ਨਗਰ ਨੂੰ ਤਿਆਗ ਦੇਵੇਗੀ। ਇਸ ਤੇ ਰਾਜਾ ਬੜਾ ਚਿੰਤਾਤੁਰ ਹੋਇਆ। ਜੇ ਪ੍ਰਜਾ ਹੀ ਚਲੀ ਗਈ ਤਾਂ ਉਹ ਰਾਜ ਕਿਸ ਉਪਰ ਕਰੇਗਾ ? ਰਾਜਾ ਨੇ ਮਾਧਵਾ ਨਲ ਨੂੰ ਬੁਲਾ ਭੇਜਿਆ। ਨਗਰ ਦੀਆਂ ਇਸਤ੍ਰੀਆਂ ਨੂੰ ਵੀ ਬੁਲਾਇਆ ਅਤੇ ਉਹਨਾਂ ਨੂੰ ਬੈਠਣ ਹਿੱਤ ਕਮਲ ਦੇ ਪੱਤੇ ਦਿਤੇ ਗਏ। ਜਿਉਂ ਜਿਉਂ ਮਾਧਵ ਸੰਗੀਤ ਵਜਾਉਂਦਾ, ਰਾਗ ਗਾਉਂਦਾ ਉਹ (ਰਾਗ) ਇਤਨਾ ਕਾਮੁਕ ਸੀ ਕਿ ਜਦੋਂ ਉਹ ਇਸਤ੍ਰੀਆਂ ਆਪਣੇ ਸਥਾਨ ਤੋਂ ਉਠੀਆਂ ਤਾਂ ਕਮਲ ਦੇ ਪੱਤੇ ਉਨ੍ਹਾਂ ਦੇ ਸਰੀਰਾਂ ਨਾਲ ਚਿਪਕੇ ਹੋਏ ਸਨ। ਇਸ ਤੇ ਰਾਜਾ ਨੇ ਮਾਧਵਾ ਨਲ ਨੂੰ ਨਗਰ ਤਿਆਗਣ ਦਾ ਹੁਕਮ ਕੀਤਾ। ਰਾਜਾ ਉਸਨੂੰ ਕਤਲ ਕਰ ਦੇਣਾ ਚਾਹੁੰਦਾ ਸੀ, ਪਰ ਬ੍ਰਾਹਮਣ ਹੱਤਿਆ ਦੇ ਡਰ ਵਜੋਂ ਐਸਾ ਨਾ ਕਰ ਸਕਿਆ।

ਰਾਜਾ ਦੇ ਹੁਕਮ ਅਨੁਸਾਰ, ਮਾਧਵਾ ਨਲ ਬ੍ਰਾਹਮਣ ਨੂੰ ਰਾਜਾ ਗੋਬਿੰਦ ਚੰਦ ਦੀ ਨਗਰੀ ਪੁਸ਼ਪਾਵਤੀ ਵਿਚੋਂ ਬਾਹਿਰ ਕੱਢ ਦਿਤਾ ਗਿਆ। ਮਾਧਵਾ ਨਲ ਆਪਣੀ ਵੀਣਾ ਉਪਰ ਸੰਗੀਤ ਵਜਾਂਦਾ ਕਾਮਵਤੀ ਨਗਰੀ ਵਿਚ ਪੁਜਿਆ। ਜਿਥੋਂ ਦਾ ਰਾਜਾ ਕਾਮਸੈਨ ਸੀ। ਉਸ ਰਾਜ ਵਿਚ ਕਾਮ ਕੰਦਲਾ ਨਾਮ ਦੀ ਨਾਚੀ ਸੀ ਜਿਸਦੀ ਸੁੰਦਰਤਾ ਵਰਣਨ ਤੋਂ ਬਾਹਰ ਸੀ। ਇਥੇ ਕਵੀ ਆਲਮ ਨੇ ਉਸ ਨਾਚੀ ਦੀ ਸੁੰਦਰਤਾ ਦਾ ਵਰਣਨ ਕਰਨ ਲਈ, ਇਸ ਰਚਨਾ ਵਿਚ ਕਿਤਨੀਆ ਚੌਪਈਆਂ ਅਤੇ ਪੰਜ ਦੋਹੇ ਅਰਪਣ ਕਰ ਦਿਤੇ ਹਨ।

ਜਦੋਂ ਬ੍ਰਾਹਮਣ, ਇਸ ਨਗਰੀ ਕਾਮਵਤੀ ਵਿਚ ਪੁੱਜਾ ਤਾਂ ਉਥੇ ਨਾਚ ਗਾਣੇ ਦਾ ਪ੍ਰੋਗਰਾਮ ਚਲ ਰਿਹਾ ਸੀ। ਸਾਰੇ ਨਗਰ ਵਾਸੀ ਅਤੇ ਰਾਜਾ ਕਾਮਸੈਨ ਨ੍ਰਿਤ-ਸੰਗੀਤ ਦਾ ਆਨੰਦ ਮਾਣ ਰਹੇ ਸਨ। ਸੰਗੀਤ ਕਾਰਣ, ਮਾਧਵਾ ਨਲ ਨੂੰ ਵੀ ਉਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਦਾ ਚਾਅ ਉਠਿਆ, ਪਰ ਦਰਬਾਨ ਨੇ ਮੰਡਪ ਵਿਚ ਜਾਣ ਤੋਂ ਉਸਨੂੰ ਮਨ੍ਹਾਂ ਕਰ ਦਿਤਾ, ਕਿਉਂਕਿ ਉਹ ਇਕ ਪ੍ਰਦੇਸੀ ਸੀ। ਦਰਬਾਨ ਉਸ ਨਾਲ ਕੜਵੇ ਬਚਨ ਕਰਨ ਤੋਂ ਵੀ ਡਰਦਾ ਸੀ ਕਿ ਬ੍ਰਾਹਮਣ ਦਾ ਅਪਮਾਨ ਹੋ ਜਾਣ ਕਾਰਣ, ਰਾਜਾ ਕਿਧਰੇ ਉਸ ਉਪਰ ਨਾਰਾਜ਼ ਹੀ ਨਾ ਹੋ ਜਾਵੇ। ਇਤਨੇ ਵਿਚ ਦਰਵਾਜੇ ਉਪਰ ਬੈਠੇ ਮਾਧਵਾ ਨਲ ਨੇ ਦਰਬਾਰੀ ਨੂੰ ਕਹਿਆ ਕਿ ਤੁਸੀਂ ਲੋਕ ਆਪਣੇ ਆਪ ਨੂੰ ਬੜਾ ਸੰਗੀਤ ਪ੍ਰੇਮੀ ਅਤੇ ਸੰਗੀਤ ਵਿਦਿਆ ਵਿਚ ਪ੍ਰਬੀਨ ਮੰਨਦੇ ਹੋ, ਪਰ ਤਾਲ ਤਾਂ ਟੁੱਟਾ ਹੋਇਆ ਹੈ ਅਤੇ ਤੁਹਾਡੇ ਰਾਜਾ ਸਮੇਤ ਕਿਸੇ ਨੂੰ ਸਮਝ ਨਹੀਂ। ਜਾ ਕੇ ਆਪਣੇ ਰਾਜਾ ਨੂੰ ਕਹਿ ਦੇਵੋ ਕਿ ਤੁਹਾਡੀ ਸਾਰੀ ਸਭਾ ਮੂਰਖਾਂ ਦੀ ਹੈ, ਸੰਗੀਤ ਵਿਦਿਆ ਨਿਪੁੰਨ ਲੋਕਾਂ ਦੀ ਨਹੀਂ। ਤਬਲਚੀ ਦਾ ਇਕ ਹੱਥ ਦਾ ਅੰਗੂਠਾ ਮੋਮ ਦਾ ਬਣਿਆ ਹੋਇਆ ਹੈ ਅਤੇ ਨਕਲੀ ਹੈ ਉਹ ਚਾਰ ਉਂਗਲਾਂ ਨਾਲ ਹੀ ਤਾਲ ਵਜਾ ਰਿਹਾ ਹੈ, ਇਸ ਵਾਸਤੇ ਸੁਰ-ਤਾਲ ਠੀਕ ਨਹੀਂ ਬੈਠ ਰਿਹਾ ਅਤੇ ਤਾਲ-ਭੰਗ ਹੈ।

ਦਰਬਾਰੀ ਨੇ ਮਾਧਵਾ ਨਲ ਦੇ ਕਹਿਣ ਉਪਰ ਇਹ ਵਿਥਿਆ ਰਾਜਾ ਤੀਕ ਪਹੁੰਚਾਈ ਅਤੇ ਇਹ ਵੀ ਦਸਿਆ ਕਿ ਦੁਆਰੇ ਬੈਠਾ ਬ੍ਰਾਹਮਣ ਸਾਰਿਆਂ ਨੂੰ ਮੂਰਖ-ਸਭਾ ਕਹਿ ਰਿਹਾ ਹੈ। ਜਦੋਂ ਰਾਜਾ ਨੇ ਖੋਜ ਕੀਤੀ ਤਾਂ ਗੱਲ ਸੱਚੀ ਸਾਬਤ ਹੋਈ। ਤਬਲਚੀ ਦਾ ਇਕ ਹੱਥ ਅੰਗੂਠਾ ਸਚਮੁਚ ਹੀ ਮੋਮ ਦਾ ਬਣਿਆ ਹੋਇਆ ਸੀ। ਰਾਜਾ ਨੇ ਇਕਦਮ ਮਾਧਵਾ ਨਲ ਨੂੰ ਸਭਾ ਵਿਚ ਬੁਲਾਇਆ। ਇਸਤੋਂ ਅਗੇ ਕਵੀ ਫਿਰ ਮਾਧਵਾ ਨਲ ਦੀ ਸੁੰਦਰਤਾ ਦਾ ਵਰਨਣ ਕਰਦੇ ਹੋਏ ਲਿਖਦਾ ਹੈ ਕਿ ਜਦੋਂ ਮਾਧਵਾ ਨਲ ਮੰਡਪ ਵਿਚ ਦਾਖਲ ਹੋਇਆ ਤਾਂ ਉਹ ਨਿਰੀ ਕਾਮ ਦੀ ਮੂਰਤ ਸੀ। ਸਾਰੀ ਸਭਾ ਉਸ ਵਲ ਖਿੱਚੀ ਗਈ। ਰਾਜਾ ਆਪਣੇ ਸਿੰਘਾਸਨ ਨੂੰ ਛੱਡ ਕੇ ਉਠ ਪਿਆ। ਬ੍ਰਾਹਮਣ ਹੋਣ ਕਾਰਣ ਉਸ ਨੂੰ ਸਿੰਘਾਸਨ ਉਪਰ ਬਿਠਾ ਦਿਤਾ ਗਿਆ।



www.AKJ.Org

ਕਵੀ ਅਨੁਸਾਰ ਉਸ ਸਮੇਂ ਬ੍ਰਾਹਮਣ ਦੀ ਸੁੰਦਰਤਾ ਤੋਂ ਸਵਰਗ ਦਾ ਇੰਦਰ, ਚੰਦਰਮਾ, ਗੰਧਰਭ, ਕਿੰਨਰ, ਕੁਬੇਰ ਅਤੇ ਸ੍ਰੀਰਾਮ, ਕ੍ਰਿਸ਼ਨ ਆਦਿ ਵੀ ਫਿਕੇ ਪੈ ਰਹੇ ਸਨ। ਬ੍ਰਾਹਮਣ ਨੂੰ ਰਾਜਾ ਨੇ ਮੁਕਟ ਨਾਲ ਸਜਾਇਆ ਅਤੇ ਹਰ ਪ੍ਰਕਾਰ ਦੇ ਗਹਿਣੇ ਉਸ ਤੇ ਸੁਸ਼ੋਭਿਤ ਕਰ ਦਿਤੇ। ਦੋ ਕਰੋੜ ਟਕੇ (ਰੁਪਏ) ਦੱਛਣਾ ਵੀ ਦਿਤੀ। ਜਦੋਂ ਉਸ ਨਾਚੀ ਕਾਮ ਕੰਦਲਾ ਨੇ ਬ੍ਰਾਹਮਣ ਨੂੰ ਤਕਿਆ ਤਾਂ ਉਸ ਨੂੰ ਅਪਣੀ ਸੁਧ-ਬੁਧ ਭੁਲ ਗਈ। ਉਸ ਦੇ ਨਾਚ ਵਿਚ ਇਤਨਾ ਵੇਗ ਅਤੇ ਜੋਸ਼ ਭਰ ਆਇਆ ਕਿ ਉਸ ਨੇ ਇਕ ਤੋਂ ਬਾਅਦ ਦੂਜਾ, ਸਾਰੇ ਰਾਗ ਤੇ ਰਾਗਨੀਆਂ ਇਕੋ ਸਾਹ ਹੀ ਅਪਣੀਆਂ ਹੋਰ ਨਾਚੀਆਂ ਸਹਿਤ ਗਾਉਣੇ ਸ਼ੁਰੂ ਕਰ ਦਿਤੇ।

ਇਸ ਤੋਂ ਅੱਗੇ ਫਿਰ ਆਲਮ ਕਵੀ ਨੇ ਅੰਕ ਨੰਬਰ 33 ਤੋਂ ਅੰਕ 41 ਤੀਕ ਅੱਠ ਚੌਪਈਆਂ ਅਤੇ ਦੋਹੇ ਕਾਮ ਕੰਦਲਾ ਨਾਚੀ ਅਤੇ ਉਸ ਦੀਆਂ ਸਾਥਣਾ ਸਹਿਯੋਗਣਾ ਰਾਹੀਂ ਇਕੋ ਸਾਹ ਸਾਰੇ ਰਾਗਾਂ ਦੇ ਗਾਏ ਜਾਣ ਦਾ ਜ਼ਿਕਰ ਕੀਤਾ ਹੈ। ਜਿਸ ਦੌਰਾਨ ਮਾਧਵਾ ਨਲ ਅਤੇ ਕਾਮ ਕੰਦਲਾ ਇਕ ਦੂਜੇ ਵਲ ਇਕੋ ਹੀ ਕਲਾ ਵਿਚ ਮਾਹਿਰ ਅਤੇ ਦੋਵੇਂ ਕਾਮ ਦੀਆਂ ਮੂਰਤੀਆਂ ਹੋਣ ਕਾਰਣ ਖਿਚੇ ਜਾਂਦੇ ਹਨ। ਇਹਨਾਂ 33 ਤੋਂ ਲੈ ਕਰਕੇ 41 ਅੰਕ ਦੇ ਵਿਚੋਂ ਹੀ ਅੰਕ ਨੰਬਰ 34 ਤੋਂ 38 ਇਸ ਮਾਧਵਾ ਨਲ-ਕਾਮ ਕੰਦਲਾ ਪ੍ਰਸੰਗ ਦਾ ਉਹ ਭਾਗ ਹੈ ਜੋ ਕਿਸੇ ਅਨਜਾਣ ਨੇ ਰਾਗਾਂ ਦੇ ਨਾਮ ਕੰਠ ਕਰਨੇ ਹਿੱਤ ਜਾਂ ਫਿਰ ਕਿਸੇ ਸ਼ਰਾਰਤੀ ਦਿਮਾਗ ਨੇ ਸਿੱਖਾਂ ਨੂੰ ਗੁਮਰਾਹ ਕਰਨ ਹਿੱਤ ਰਾਗ ਮਾਲਾ ਦੇ ਸਿਰਲੇਖ ਹੇਠ ਆਦਿ ਬੀੜ ਦੇ ਅੰਤ ਵਿਚ ਮੁੰਦਾਵਣੀ ਤੋਂ ਉਪਰੰਤ ਲਿਖ ਦਿਤੇ। ਪਾਠਕਾਂ ਦੀ ਜਾਣਕਾਰੀ ਹਿੱਤ ਅਸੀਂ ਇਥੇ ਇਸੇ ਰਾਗ ਮਾਲਾ ਦੇ ਆਰੰਭ ਤੋਂ ਪਹਿਲਾਂ ਭਾਵ ਅੰਕ 33 ਅਤੇ ਬਾਕੀ ਦੇ ਦੋ ਅੰਕ ਭਾਵ ਨੰਬਰ 39 ਅਤੇ 40 ਨਮੂਨੇ ਵਜੋਂ ਦੇਂਦੇ ਹਾਂ, ਯਾਦ ਰਹੇ ਰਾਗ ਮਾਲਾ ਵਿਚਲੇ ਅੰਕ 34 ਤੋਂ 38 ਹਨ।

ਚੌਪਈ:-

ਮੁਖ ਤੇ ਓਘਟ ਮ੍ਰਿਦੰਗ ਬਜਾਵਹਿ,
ਧੁਨਿ ਕਿੰਨਰ ਸੇ ਬਨੀ ਮਿਲਾਵਹਿ।
ਬੀਨ ਉਪੰਗੁ ਬਾਂਸੁਰੀ ਬਾਜੇ॥
ਦਾਈ ਜੰਤ੍ਰ ਅੰਮ੍ਰਿਤੀ ਰਾਜੇ।
ਸੁਰ ਮੰਡਲ ਬਾਜੇ ਘਾਟ ਤੰਤੀ।
ਰੁਦ੍ਰ ਬੀਨ ਬਾਜੇ ਬਹੁ ਤੰਤੀ।
ਅਵਜ ਤਾਲ ਕੰਠ ਤਾਲ ਬਜਾਵਹਿ।
ਅਗਨਿਤ ਤਾਲ ਤਰੰਗ ਸੁਨਾਵਹਿ॥
ਜਲ ਤਰੰਗ ਅਕ੍ਰਿਤ ਕੰਡਲੀ।
ਕੁੰਭ ਬਾਜੇ ਮਿਲਿ ਧੁਨਿ ਭਲੀ।

ਦੋਹਰਾ :-

ਬਾਜੇ ਸਰਬ ਸੰਗੀਤ ਗਡ,
ਤਤ ਪਿਰਤ ਘਨ ਤਾਲ।
ਬਹੁਰ ਅਲਾਪਹਿ ਰਾਗ ਖਟ,
ਪੰਚ ਪੰਚ ਸੰਗ ਬਾਲ॥33॥

ਫਿਰ ਹਰ ਪ੍ਰਕਾਰ ਦੇ ਸਾਜਾਂ ਦੇ ਨਾਲ ਉਨ੍ਹਾਂ ਨੇ ਖਟ ਰਾਗ ਭਾਵ ਛੇ ਰਾਗ ਉਹਨਾਂ ਦੀਆਂ ਪੰਜ ਪੰਜ ਬਾਲਿਕਾਵਾਂ ਸਹਿਤ ਗਾਇ।

ਇਹ ਹੈ ਅੰਕ 33, ਇਸ ਤੋਂ ਅਗੇ 'ਰਾਗ' ਏਕ ਸੰਗ ਪੰਚ ਬਰੰਗਨ, ਸੰਗ ਅਲਪਹਿ ਆਠਉ ਨੰਦਨ-- (ਭਾਵ ਇਕ ਇਕ ਰਾਗ ਨੇ ਅਪਣੀਆਂ ਪੰਜ ਪੰਜ ਬਾਲਿਕਾਵਾਂ ਨਾਲ ਅਤੇ ਅੱਠ ਅੱਠ ਪੁਤਰਾਂ ਨਾਲ.......) ਇਸ ਹੱਥਲੀ ਰਾਗ ਮਾਲਾ ਵਾਲੇ ਅੰਕ (ਮੂਲ ਰੂਪ ਵਿਚ ਅੰਕ 34) ਦੀ ਅਰੰਭਕ ਪੰਕਤੀ ਨੂੰ, ਅੰਕ 33 ਕੀ ਸਮਾਪਤੀ ਨਾਲ ਜੋੜਕੇ, ਕਾਵਿ ਲੜੀ ਅਪਣੇ ਆਪ ਸਪਸ਼ਟ ਹੋ ਜਾਂਦੀ ਹੈ।

ਇਸ ਤਰਾਂ ਇਸ ਆਰੰਭ ਤੋਂ ਲੈ ਕਰ ਕੇ- *ਖਸਟ ਰਾਗ ਉਨਿ ਗਾਏ, ਸੰਗ ਰਾਗਨੀ ਤੀਸ॥ ਸਭੈ ਪੁਤ੍ਰ ਰਾਗਨਿ ਕੈ, ਅਠਾਰਹ ਦਸ ਬੀਸ॥*- ਤੀਕ ਅੰਕ ਨੰਬਰ 34 ਤੋਂ ਅੰਕ ਨੰਬਰ 38 ਇਸ ਕਾਵਿ ਰਚਨਾ ਦਾ ਉਹ ਹਿੱਸਾ ਹੈ ਜਿਸ ਨੂੰ ਕਿਸੇ ਅਨਜਾਣ ਨੇ ਰਾਗ ਮਾਲਾ ਦੀ ਸਿਰਲੇਖ ਦੇ ਕੇ ਆਦਿ ਬੀੜ ਵਿਚ ਮੁੰਦਾਵਣੀ ਤੋਂ ਬਾਅਦ ਜੋੜ ਦਿਤਾ ਹੈ। ਇਥੇ ਅੰਕ ਨੰਬਰ 33 ਵਿਚ "ਬਹੁਰ ਅਲਾਪਹਿ ਰਾਗ ਖਟ (ਛੇ) " ਅਤੇ ਬੰਦ ਨੰ: 34 (ਇਥੇ, ਰਾਗ ਮਾਲਾ ਵਿਚ ਅਖੀਰਲਾ ਬੰਦ) ਵਿਚ ਖਸਟ (ਛੇ) ਰਾਗ ਉਨਿ ਗਏ" ਖਾਸ ਧਿਆਨ ਮੰਗਦੀਆਂ ਪੰਕਤੀਆਂ ਹਨ। ਇਸੇ ਤਰਾਂ ਅੰਕ ਨੰਬਰ 38 ਤੋਂ ਤੁਰੰਤ ਬਾਅਦੇ ਅੰਕ ਨੰਬਰ 39 ਅਤੇ 40 ਇਸ ਪ੍ਰਕਾਰ ਹਨ:-

ਗਾਏ ਰਾਗ ਰਾਗਨਿ ਸੰਚੀਤਾ।
ਪੁਨਵੇ ਮੁਖ ਉਘਟੇ ਸੰਗੀਤਾ।
ਰੰਗ ਭੂਮਿ ਬਹੁ ਭਾਂਤਿ ਸਵਾਰੀ।
ਤਾਲ ਮਿਲਾਇ ਕਰੈ ਨ੍ਰਿਤਕਾਰੀ।
ਦੀਵਟ ਦੀਪ ਜਰੇ ਰਹੁ ਭਾਂਤੀ।
ਬਹੁਤ ਮਸਾਲ ਮੋਨ ਕੀ ਬਾਤੀ।
ਅੰਤਰਿ ਉਰ ਪਿਛੋਨੀ ਕੀਨੀ।
ਪੁਹਪ ਮੰਜਰੀ ਵਹੁ ਕਰ ਲੀਨੀ।
ਸਭ ਮਿਲਿ ਸਿਰੀ ਰਾਗ ਵੇ ਗਾਵਹਿ।
ਸੰਕਰ ਗੋਰ ਗਨੇਸ਼ ਮਨਾਵਹਿ।

(ਬਾਕੀ ਪੰਨਾ ੧੬ ਤੇ...)



www.AKJ.Org

# ਪਰਗਟ ਗੁਰਾਂ ਦੀ ਦੇਹਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

(ਭਾਈ ਕੌਰ ਸਿੰਘ ਜੀ)

ਅਸੀਂ ਅਰਦਾਸ ਮਗਰੋਂ, ਦੋਹਿਰਾ ਪੜ੍ਹਦੇ ਹਾਂ, "ਗੁਰੂ ਗ੍ਰੰਥ ਜੀ ਮਾਨਿਓ ਪਰਗਟ ਗੁਰਾਂ ਕੀ ਦੇਹਿ, "ਪਰ ਇੰਨ ਬਿੰਨ ਪਰਗਟ ਗੁਰਾਂ ਦੀ ਦੇਹਿ ਮੰਨਦੇ ਨਹੀਂ। ਜਿਲਦ, ਕਾਗਜ ਰੁਮਾਲੇ ਹੀ ਦੇਹਿ ਨਹੀਂ, ਬਾਣੀ ਦੀ ਲੜੀ, ਬਾਣੀ ਦੇ ਅੱਖਰ ਭੀ ਗੁਰੂ ਜੀ ਦੀ ਦੇਹਿ ਦੇ ਅੰਗ ਹਨ। ਗੁਰੂ ਜੀ ਦੀ ਦੇਹਿ ਦੇ ਕਿਸੇ ਭੀ ਅੰਗ ਨੂੰ ਭੰਗ ਕਰਨਾ, ਜੋੜਨਾ ਤੋੜਨਾ, ਗੁਰੂ ਜੀ ਦੀ ਭਾਰੀ ਬੇ ਅਦਬੀ ਕਰਨਾ ਹੈ। ਜਿਸ ਸਰੂਪ ਨੂੰ ਦਸਮੇਸ਼ ਪਿਤਾ ਨੇ ਗੁਰ ਗੱਦੀ ਸੌਂਪੀ, ਉਹ ਲੜੀ ਵਾਰ ਬਾਣੀ ਸਰੂਪ ਹੈ। ਬਾਣੀ ਦੀ ਲੜੀ ਨੂੰ ਤੋੜ ਕੇ, ਅਪਣੀ ਮਤਿ ਅਨੁਸਾਰ ਪਦ ਛੇਦ ਕਰਕੇ ਸਰੂਪ ਛਪੌਣਾ ਘੋਰ ਪਾਪ ਹੈ। ਗੁਰੂ ਜੀਆਂ ਦੀ ਕਾਇਮ ਕੀਤੀ ਅਪ੍ਰੰਪਰਾ ਬੰਧਾਨ ਨੂੰ ਅਲੋਪ ਕਰਨਾ ਹੈ। ਮੱਖਣ ਸ਼ਾਹ ਲੁਬਾਣੇ ਨੇ ਬਾਬਾ ਬਕਾਲਾ ਸਾਹਿਬ, ਸੱਚੇ ਗੁਰੂ ਦੀ ਪਰਖ ਕਰਕੇ ਢੰਡੋਰਾ ਫੇਰਿਆ ਸੀ, "*ਸਾਚੋ ਗੁਰੂ ਲਾਧੋ ਰੇ* "ਪਰ ਇਸ ਸਮੇਂ ਦੀ ਸਥਿਤੀ, '*ਸਾਚੋ ਗੁਰੂ ਗਵਾਚੋ ਰੇ*"ਵਾਲੀ ਹੋ ਰਹੀ ਹੈ। ਭਿੰਨ ਭਿੰਨ ਸਜਨਾਂ ਜਾਂ ਸੰਸਥਾਵਾਂ ਵਲੋਂ, ਪਦ ਛੇਦ ਸਰੂਪ ਛਪਾਏ ਭੀ ਜਾ ਰਹੇ ਹਨ ਤੇ ਪ੍ਰੋੜ੍ਹਤਾ ਵਿਚ ਪ੍ਰਚਾਰ ਭੀ ਕੀਤਾ ਜਾ ਰਹਿਆ ਹੈ। ਸੰਗਤਾਂ ਨੂੰ ਪੂਰੀ ਸਮਝ ਨਾ ਹੋਣ ਕਰਕੇ, ਪ੍ਰਚਾਰਕਾਂ ਦੇ ਗਲਤ ਪ੍ਰਚਾਰ ਦਾ ਪ੍ਰਭਾਵ ਪੈ ਜਾਂਦਾ ਹੈ, ਪਰਚਾਰ ਕੀਤਾ ਜਾਂਦਾ ਹੈ, "ਪਰ ਛੇਦ ਸਰੂਪ ਤੋਂ ਪਾਠ ਕਰਨਾ ਸੌਖਾ ਹੈ, ਹਰ ਕੋਈ ਪਾਠ ਕਰ ਸਕਦਾ ਹੈ, ਬੱਚੇ ਭੀ ਕਰ ਸਕਦੇ ਹਨ।" ਸੰਗਤਾਂ ਪ੍ਰਭਾਵਤ ਹੋ ਕੇ, ਜਿਨ੍ਹਾਂ ਪਾਸ ਲੜੀਵਾਰ ਸਰੂਪ ਹਨ, ਗੁਰਦੁਆਰਿਆਂ ਵਿਚ ਜਾਂ ਸੰਸਕਾਰ ਸੈਂਟਰਾਂ ਵਿਚ ਭੇਜ ਰਹੇ ਹਨ। ਓਹਨਾਂ ਦੀ ਥਾਂ ਪਦ ਛੇਦ ਸਰੂਪ ਲਿਜਾਏ ਜਾ ਰਹੇ ਹਨ। ਇਹ ਰੁਝਾਨ ਇਤਨਾ ਤੇਜੀ ਨਾਲ ਵੱਧ ਰਿਹਆ ਹੈ, ਕਿ ਥੋੜੇ ਸਮੇਂ ਵਿਚ ਹੀ ਗੁਰ ਗੱਦੀ ਦੇ ਮਾਲਕ,ਪਰਗਟ ਗੁਰਾਂ ਦੀ ਦੇਹਿ ਲੜੀਵਾਰ ਗੁਰੂ ਗ੍ਰੰਥ ਸਾਹਿਬ, ਅਲੋਪ ਹੋ ਜਾਣਗੇ। ਸੰਸਾਰ ਤੇ ਅੰਧਕਾਰ ਮਚ ਜਾਵੇਗਾ। ਸੌ ਚੰਦਾ ਹਜਾਰਾਂ ਸੂਰਜਾਂ ਦੇ ਹੁੰਦਿਆਂ, ਦੁਨੀਆਂ ਤੇ ਘੋਰ ਅੰਧੇਰਾ ਪੱਸਰ ਜਾਵੇਗਾ। ਤੱਤ ਗੁਰਮਤਿ ਬੇਤਾ ਬੁਧੀ ਜੀਵੀ ਵਿਚਾਰਵਾਨ ਧਿਆਨ ਦੇਣ, ਕੀ ਇਸ ਵਿਚ ਕੋਈ ਸ਼ਕ ਹੈ ?

ਦਾਸ ਨੇ ਕੁਝ ਪਦ ਛੇਦ ਸਰੂਪਾਂ ਦੇ ਪਾਠ ਦਰਸ਼ਨ ਦੀਦਾਰ ਕਰਨ ਦਾ ਉਦਮ ਕੀਤਾ, ਇਕ ਸਰੂਪ ਦੇ ਪਾਠ ਦਾ ਦੂਜੇ ਸਰੂਪ ਦੇ ਪਾਠ ਨਾਲ ਮੇਲ ਨਹੀਂ ਖਾਂਦਾ। ਅਜਿਹੇ ਪਾਠ ਭੇਦ ਅੰਤਰੇ ਸੈਂਕੜੇ ਹੀ ਹਨ। ਇਥੋਂ ਇਕ ਦੋ ਸ਼ਬਦਾਂ ਦੀ ਉਦਾਰਣਾਂ ਦਿਤੀ ਜਾਂਦੀ ਹੈ। ਇਕ ਸਰੂਪ ਵਿਚ ਸਤਿਨਾਮ ਇੱਕਠਾ ਹੈ, ਦੂਜੇ ਵਿਚ ਅਡੋ ਅਡ ਛਪਿਆ ਹੈ। ਇਕ ਵਿਚ ਏਤੇ "*ਕੂਕਰ ਹਉ*," ਦੂਜੇ ਸਰੂਪ ਵਿਚ "*ਏਤੇ ਕੂਕ ਰਹਉ* "ਅੰਕਤ ਹੈ।

ਸਪਸ਼ਟ ਹੈ ਦੋਨੋ ਪਾਠ ਤਾਂ ਸ਼ੁਧ ਹੋ ਹੀ ਨਹੀਂ ਸਕਦੇ। ਇਕ ਸ਼ੁਧ ਤੇ ਇਕ ਅਸ਼ੁਧ ਮੰਨਣਾ ਪਵੇਗਾ। ਜਿਸ ਸਰੂਪ ਵਿਚ ਅਸ਼ੁਧ ਛਪਿਆ ਹੈ, ਉਹ ਹਜਾਰਾਂ ਹੀ ਹੋ ਸਕਦੇ ਹਨ ਤੇ ਓਹਨਾਂ ਤੋਂ ਹਮੇਸ਼ਾ ਅਸ਼ੁੱਧ ਪਾਠ ਹੀ ਹੁੰਦੇ ਰਹਿਣਗੇ। ਕੀ ਜਾਣ ਬੁਝਕੇ ਅਸ਼ੁਧ ਕੀਤੇ ਪਾਠ ਵਿਚ ਕਲਾ ਵਰਤ ਸਕਦੀ ਹੈ ? ਰਾਮ ਰਾਇ ਨੇ ਇਕ ਅੱਖਰ ਬਦਲਿਆ ਸੀ, ਇਕ ਅੱਖਰ ਬਦਲਨ ਨਾਲ ਹੀ, ਉਸਦੀ ਕਰਾਮਾਤ ਕਲਾ ਖੜੋ ਗਈ। ਫਿਰ ਉਸ ਵਿਚ ਕਲਾ ਨਹੀਂ ਵਰਤ ਸਕੀ, ਤੇ ਗੁਰੂ ਸਾਹਿਬ ਨੇ ਫਿਰ ਉਸ ਨੂੰ ਮੂੰਹ ਨਹੀਂ ਲਾਇਆ। ਅੱਖਰਾਂ ਦਾ ਨਿਖੇੜ, ਜੋੜ ਗਲਤ ਕਰਨਾ, ਅੱਖਰ ਬਦਲਣ ਨਾਲੋਂ ਘੱਟ ਬੇਅਦਬੀ ਨਹੀਂ।

ਸਪਸ਼ਟ ਸਿੱਧ ਹੁੰਦਾ ਹੈ, ਪਦ ਛੇਦ ਸਰੂਪ ਤੋਂ ਪਾਠ ਕਰਨ ਨਾਲ ਕਲਾ ਨਹੀਂ ਵਰਤ ਸਕਦੀ, ਇਸ ਸੰਦਰਭ ਵਿਚ ਸਬੂਤ ਦਲੀਲਾਂ ਕਈ ਹਨ, ਇਥੇ ਸੰਕੋਚਵੀ ਵਿਚਾਰ ਹੀ ਕੀਤੀ ਜਾ ਰਹੀ ਹੈ।

ਪਰ ਛੇਦ ਸਰੂਪ ਵਿਚ ਪਦ ਨਿਖੇੜ ਕੀਤਾ ਕਿਤਾਇਆ ਜੋ ਹੁੰਦਾ ਹੈ, ਜਿਸ ਕਰਕੇ ਪਾਠੀ ਨੂੰ ਸ਼ਬਦ ਨਿਖੇੜ ਕਰਨ ਵੱਲ ਧਿਆਨ ਜਾਂ ਸੁਰਤੀ ਨਹੀਂ ਲਗਾਉਣੀ ਪੈਂਦੀ, ਇਸ ਕਰਕੇ ਪਾਠੀ ਦੀ ਸੁਰਤੀ ਖਾਲੀ ਵੇਹਲੀ ਰਹਿਣ ਕਰਕੇ, ਏਧਰ ਓਧਰ ਘੁੰਮਦੀ ਰਹਿੰਦੀ ਹੈ, ਸੁਰਤੀ ਅਪਨਾ ਵਖਰਾ ਹੀ ਤਾਣਾ ਤਣ ਲੈਂਦੀ ਹੈ। ਇਕ ਮਨ ਇਕ ਚਿੱਤ ਨਹੀਂ ਹੁੰਦੀ,ਹੋ ਨਹੀਂ ਸਕਦੀ। ਸੁਰਤੀ ਇਕਾਗਰ ਨਾ ਹੋਣ ਕਰਕੇ ਦਸਵੇਂ ਦੁਆਰ ਵੱਲ ਧਾਵਨ ਲਈ ਅਪਣਾ ਰੁਖ ਨਹੀਂ ਪਕੜ ਸਕਦੀ। ਸਿੱਖ ਦਾ ਜੀਵਨ ਨਿਸ਼ਾਨਾ ਦਸਵੇਂ ਦੁਆਰ ਪੁਜਨਾ ਹੈ, ਅਥਵਾ ਜਨਮ ਮਰਨ ਕੱਟਣਾ ਹੈ, ਓਹ ਪੂਰਾ ਨਹੀਂ ਹੋ ਸਕਦਾ।

ਦਲੀਲਾਂ ਕਈ ਦਿੱਤੀਆਂ ਜਾ ਸਕਦੀਆਂ ਹਨ, ਪਰ ਸਿੱਖ ਨੇ ਦਲੀਲ ਨੂੰ ਆਧਾਰ ਨਹੀਂ ਬਣੌਣਾ, ਆਧਾਰ ਤਾਂ ਗੁਰੂ ਦਾ ਹੁਕਮ ਰਜਾ ਹੋਣਾ ਹੀ ਉਚਿੱਤ ਹੈ। ਭਾਈ ਲਹਿਣਾ



www.AKJ.Org

ਜੀ ਜੇ ਕਰ ਦਲੀਲ ਵਿਚ ਪੈ ਜਾਂਦੇ, ਗੁਰੂ ਸਾਹਿਬ ਵਲੋਂ ਹੋਰ ਕਈ ਤਰਾਂ ਦੇ ਕੌਤਕਾਂ ਢਾਹੁਣੇ, ਜਾਂ ਮੁਰਦਾ ਖਵੌਂਨ ਦੇ ਮੰਤਵ ਦੇ ਸ਼ੰਕੇ ਵਿਚ ਪੈ ਜਾਂਦੇ, ਅਪਨੀ ਮਤਿ ਲਾ ਬੈਠਦੇ, ਸਗਲੀ ਮਨ ਮਤਿ ਦਾ ਤਿਆਗ ਨਾ ਕਰਦੇ, ਤਾਂ ਗੁਰ ਗੱਦੀ ਤੋਂ ਵਾਂਝੇ ਰਹਿ ਜਾਂਦੇ।

ਪੰਥ ਵਿਚ ਰਵਾਇਤ ਬਣੀ ਹੋਈ ਹੈ, ਅਸੀਂ ਸਮੇਂ ਸਿਰ ਮੌਕੇ ਤੇ ਨਹੀਂ ਜਾਗਦੇ। ਗੁਰੂ ਘਰ ਦੀ ਹੋ ਰਹੀ ਬੇ-ਅਦਬੀ ਨੂੰ ਰੋਕਣ ਲਈ ਤੱਤਪਰ ਨਹੀਂ ਹੁੰਦੇ, ਜਿਸ ਕਰਕੇ ਹੱਥਾਂ ਨਾਲ ਖੁਲਣ ਵਾਲੀਆਂ ਗੰਢਾਂ, ਸਮਾਂ ਬੀਤ ਜਾਣ ਕਰਕੇ, ਦੰਦਾਂ ਨਾਲ ਖੋਲਣੀਆਂ ਪੈਂਦੀਆਂ ਹਨ। ਇਸ ਸਮੇਂ ਅਸੀਂ ਪ੍ਰਚਾਰ ਦੁਆਰਾ ਪਦ ਛੇਦ ਸਰੂਪ ਛਪਣੇ ਬੰਦ ਕਰਾ ਸਕਦੇ ਹਾਂ। ਪਰ ਕੁਛ ਸਮੇਂ ਬਾਦ, ਜਦੋਂ ਲੜੀ ਵਾਰ ਸਰੂਪ ਅਲੋਪ ਹੋਣ ਲੱਗੇ, ਫੇਰ ਅਸੀਂ ਮਹਿਸੂਸ ਕਰਾਂਗੇ, ਪਿੱਛੇ ਕੀਤੀ ਅਣਗਹਿਲੀ ਤੇ ਪਛਚਾਤਾਵ ਭੀ ਹੋਵੇਗਾ। ਤੇ ਅੱਗੇ ਵਾਸਤੇ ਤੱਤਪਰ ਭੀ ਹੋਵਾਂਗੇ।

ਆਖਰੀ ਬੇਨਤੀ ਹੈ ਕਿ ਸੰਗਤਾਂ, ਗੁਰਦੁਆਰਿਆਂ ਵਿਚ, ਘਰਾਂ ਵਿਚ, ਪਦਛੰਦ ਸਰੂਪ ਦੀ ਥਾਂ ਤੇ ਗੁਰ ਗੱਦੀ ਦੇ ਮਾਲਕ ਲੜੀ ਵਾਰ ਸਰੂਪ ਦਾ ਪ੍ਰਕਾਸ਼ ਕਰਨ, ਉਸ ਤੋਂ ਹੀ ਸਹਿਜ ਜਾਂ ਅਖੰਡ ਪਾਠ ਕਰਨ ਕਰੌਨ ।

ਭੁਲ ਚੁਕ ਲਿਖਿਆ ਖਿਮਾ ਕਰਨਾ ਜੀ।

---

(ਪੰਨਾ 14 ਦਾ ਬਾਕੀ.....)

ਸੋਰਠਾ:-

ਖੜਜ ਰਿਖਭ ਗੰਧਾਰ,
ਮਧਿਮ ਪੰਚਮ ਧੈਵਤਾ।
ਔਰੁ ਨਿਖਾਦ ਉਚਾਰ,
ਏ ਸਭ ਗਾਏ ਸਪਤ ਸੁਰ।।39।।

ਚੌਪਈ :-

ਪੁਨ ਮਿਲਿ ਸਕਲ ਏਕ ਸੁਰ ਕੀਨੈ।
ਰੰਗਭੂਮ ਪਾਤਰ ਪਗ ਦੀਨੈ।
ਸਰਸ ਰਾਗ ਸੁਗੰਧਰ ਮਿਲ ਬੋਲਹਿ।
ਤਾਲ ਧਾਰ ਸੰਗ ਲਾਗੇ ਤੋਲਹਿ।
ਤਥੇਤੀ ਤਥੇਹੀ ਕਰ ਹੀ।
ਤੰਬੁਕ ਤੰਬੁਕ ਸੁਖ ਉਚਰਹੀ।
ਧਧਸਥ ਧਧਸਥ ਧਧਸਥ ਧੰਗਾ।
ਕਿਮ ਦਿਖ ਧੁੰਨ ਬਾਜੈ ਸਿਰ ਦੰਗਾ।
ਝਿਟਕ ਝਿਟਕ ਕਰਤੀ ਚਮਉ ਕਉਤਕ।
ਝਟਕ ਝਟਕ ਨਾਚੈ ਬਹੁਤੀ ਗਤਿ।

ਦੋਹਰਾ:-

ਝਟਕਿ ਝਟਕਿ ਝਟਕੇ ਝਟਕ,
ਉਠਹ ਅਨੇਕ ਤਰੰਗ।
ਅਕਿ ਅਕਿ ਅਕਿ ਅਕਿ ਉਚਰਹਿ,
ਦਿਮ ਦਿਮ ਦਿਮ ਦਿਮ ਸਿਰਦੰਗ।।40।।.....

(ਮਾਸਿਕ 'ਮੀਰੀ ਤੇ ਪੀਰੀ' ਵਿਚੋਂ ਧੰਨਵਾਦ ਸਹਿਤ) (ਚਲਦਾ)

## ਦਸਮੇਸ਼ ਮਹਿਮਾ

(ਸੰਤਾ ਸਿੰਘ ਆਜ਼ਿਜ਼)

ਧੰਨ ਧੰਨ ਗੁਰ ਦਸਮੇਸ਼ ਪਿਤਾ ਤੋਂ ਮੈ ਬਲਹਾਰੇ।
ਪਰਖੇ ਖੰਡੇ ਧਾਰ ਤੇ, ਜਿਸ ਪੰਜ ਪਿਆਰੇ।
ਉਹਨਾਂ ਪੰਜ ਪਿਆਰਿਆਂ ਦਾ, ਅਦਬ ਬਜਾਵਾਂ।
ਗੁਰ ਸੇਵਾ ਹਿਤ ਖੋਲੀਆਂ, ਜਿਹਨਾਂ ਨਵੀਆਂ ਰਾਹਾਂ।
ਕਹਿਣਾ ਸੌਖਾ ਐਪਰ ਕਹੇ ਨੂੰ, ਕਰਨਾ ਔਖਾ,
ਸਿਰ ਧਰ ਤਲੀ ਗਲੀ ਪ੍ਰੀਤਮ ਦੀ, ਵੜਣਾ ਔਖਾ।
ਮੁਸ਼ਕਿਲ ਸਮੇਂ ਗੁਰਾਂ ਨੇ ਮੁਸ਼ਕਿਲ, ਪਰਚਾ ਪਾਇਆ।
ਬਲੀਦਾਨ ਦੀ ਐਸੀ ਹੋਰ ਕੋਈ ਮਿਸਾਲ ਨਹੀਂ ਹੈ।
ਇਸ ਅਣਖੀਲੀ ਕੌਮ ਤੇ, ਕਦੀ ਜਵਾਲ ਨਹੀਂ ਹੈ।
ਸਿੰਘੋ ਗੁਰੂ ਤੇ ਸਿਖ ਦੀ ਇਹ ਪ੍ਰੀਤ ਅਨੋਖੀ।
ਹੁਕਮੇ ਅੰਦਰ ਜੂਝਣ ਦੀ, ਇਹ ਖੇਡ ਅਨੋਖੀ।
ਇਸੀ ਪ੍ਰੀਤ ਨੂੰ ਪਾਲਦੇ ਰਹੇ, ਗੁਰ ਸਿਖ ਸੂਰੇ।
ਗੁਰਮਤਿ ਦੇ ਸੰਗਰਾਮ ਵਿਚ, ਉਤਰੇ ਸਨ ਪੂਰੇ।
ਸੇਵਾ ਸਿਮਰਨ ਵਿਚ ਰਤੇ, ਪੂਰਨ ਨਿਤਨੇਮ।
ਦਇਆ ਵਾਨ ਤੇ ਰਹਿਤਵਾਨ ਗੁਰੂ ਘਰ ਦੇ ਪ੍ਰੇਮ
ਸਾਬਤ ਸੂਰਤ ਵਾਲਿਆਂ ਦੇ ਕਰਮ ਸੁਭਾਗੇ।
ਝੂੰਣ ਜਗਾਇਆ ਕੌਮ ਨੂੰ, ਪਹਿਲਾਂ ਖੁਦ ਜਾਗੇ।
ਗੁਰੂ ਘਰ ਲੇਖੇ ਲਾਂਵਦੇ, ਕੁਝ ਸਮਾਂ ਅਮੁੱਲਾ।
ਸੁੱਚੀ ਕਿਰਤ ਕਮਾਂਵਦੇ, ਹੱਥ ਰਖਦੇ ਖੁੱਲ੍ਹਾ।
ਗੁਰਬਾਣੀ ਦੇ ਕੀਰਤਨ ਦੀਆਂ ਝੜੀਆਂ ਲਾਂਦੇ।
ਗੁਰਬਾਣੀ ਦੇ ਸਹੀ ਅਰਥਾ ਸਮਝਣ, ਸਮਝਾਂਦੇ।
ਕੌਮ ਦਾ ਵਿਰਸਾ ਸਾਂਭਦੇ, ਇਹ ਕੌਮ ਦੇ ਗਾਡੀ
ਕੌਮ ਦਾ ਗੌਰਵ ਵਧੇ ਨਿਤ, ਅਰਦਾਸ ਹੈ ਸਾਡੀ
ਕੌਮ ਦੇ ਅਸਲੀ ਵਾਰਸਾਂ ਤੋਂ ਬਲ ਬਲ ਜਾਈਐ
ਕੌਮ ਦੇ ਰਾਖੇ ਜਾਗਦੇ ਸਭੁ ਚਿੰਤ ਮਿਟਾਈਐ।



www.AKJ.Org

# ਸਰਬ ਰੋਗ ਕਾ ਅਉਖਦੁ ਨਾਮੁ (ਪੜਚੋਲ)

ਸੁਬੇਦਾਰ ਧਰਮ ਸਿੰਘ ਸੁਜੋਂ (ਯੂ. ਕੇ.)

ਦਾਸ ਦਾ ਲਿਖਿਆ ਹੋਇਆ ਇਕ ਲੇਖ 'ਸਰਬ ਰੋਗ ਕਾ ਅਉਖਦੁ ਨਾਮੁ,' ਸੂਰਾ ਦੇ ਦਸੰਬਰ 1996 ਅੰਕ ਵਿਚ ਛਪਿਆ ਸੀ। ਇਸੀ ਲੇਖ ਨਾਲ ਸੰਬੰਧਤ ਇਕ ਹੋਰ ਲੇਖ, ਡਾਕਟਰ ਬਲਵੰਤ ਸਿੰਘ ਜੀ ਲੁਧਿਆਣਾ ਹੋਰਾਂ ਦਾ ਸੂਰਾ ਫਰਵਰੀ 1997 ਅੰਕ ਵਿਚ ਇਸੀ ਸਿਰ ਲੇਖ ਭਾਵ 'ਸਰਬ ਰੋਗ ਕਾ ਅਉਖਦੁ ਨਾਮ,' ਹੇਠ ਛਪਿਆ ਜਿਸ ਵਿਚ ਡਾਕਟਰ ਸਾਹਿਬ ਵਲੋਂ ਹੇਠ ਲਿਖੇ ਨੁਕਤੇ ਉਠਾਏ ਗਏ।

1. ਦਾਸ ਅਪਣੇ ਲੇਖਾਂ ਵਿਚ ਗੁਰਬਾਣੀ ਨੂੰ ਸਾਇੰਸ ਦੀ ਕਸਵੱਟੀ ਤੇ ਪਰਖਦਾ ਹੈ। ਇਸੀ ਸੰਬੰਧ ਵਿਚ ਓਹ ਸਵਾਲ ਕਰਦੇ ਹਨ ਕਿ "ਜੇ ਸਾਇੰਸ ਕਹ ਦੇਵੇ ਕਿ ਸਿਰ ਦੇ ਵਾਲਾਂ ਨਾਲ ਕੈਂਸਰ ਹੋ ਸਕਦਾ ਹੈ, ਕੀ ਅਸੀਂ ਵਾਲਾਂ ਤੋਂ ਬਿਨਾਂ ਜੀਵਾਂਗੇ ?"

2. ਓਹ ਲਿਖਦੇ ਹਨ ਕਿ "ਸਾਇੰਸ ਦੇ ਸੱਚ ਬਦਲਦੇ ਰਹਿੰਦੇ ਹਨ। ਨਵੀਂ ਖੋਜ ਨੇ ਕਈ ਪੁਰਾਣੇ ਸੱਚ ਬਦਲ ਦਿਤੇ ਹਨ, ਅਜ ਦੇ ਸੱਚ ਕਲ ਨੂੰ ਬਦਲ ਜਾਣਗੇ।"

3. "ਸਾਇੰਸ ਦੀਆਂ ਐਨਕਾਂ ਲਾ ਕੇ ਗੁਰਬਾਣੀ ਨੂੰ ਨਾਪਣਾਂ ਤੋਲਣਾ ਗੁਸਤਾਖੀ ਹੈ।"

4. " ਸਾਇੰਸ ਦੀ ਖੋਜ ਦਾ ਆਧਾਰ, ਕੀ , ਕਿਥੇ ਕਿਵੇਂ ਆਦਿ ਹੈ। ਜੇਹੜੇ ਸਿਖ ਦੇ ਮਨ ਵਿਚ ਗੁਰੂ ਦੇ ਹੁਕਮ ਤੇ ਕਿਵੇਂ ਤੇ ਕਿਉਂ ਆਉਂਦਾ ਹੈ ਓਹ ਸਿਖ ਨਹੀਂ ਹੋ ਸਕਦਾ।"

5. ਕੀ ਕੌੜੇ ਰੀਠੇ ਮਿੱਠੇ ਹੋ ਸਕਦੇ ਹਨ ? ਤੋਂ ਲੈ ਕੇ ਸੀਸ ਦੀ ਬਲੀ ਦੇਣ ਤਕ ਦੀਆਂ ਉਦਾਹਰਨਾਂ ਦੇ ਕੇ ਸ਼ਰਧਾ ਤੇ ਵਿਸ਼ਵਾਸ਼ ਤੇ ਜ਼ੋਰ ਦਿਤਾ ਗਿਆ ਹੈ।

ਡਾਕਟਰ ਸਾਹਿਬ ਵਲੋਂ ਉਠਾਏ ਗਏ ਇਨ੍ਹਾਂ ਨੁਕਤਿਆਂ ਦਾ ਸੰਖੇਪ ਵਿਚ ਉਤਰ ਦੇਣਾ ਹੋਵੇ ਤਾਂ ਇਹ ਹੈ ਕਿ ਡਾਕਟਰ ਸਾਹਿਬ ਨੂੰ ਦਾਸ ਵਲੋਂ ਲਿਖੇ ਗਏ ਲੇਖ ਜਾਂ ਲੇਖਾਂ ਨੂੰ ਸਮਝਣ ਵਿਚ ਕੁਝ ਭੁਲੇਖਾ ਲਗਾ ਹੈ। ਭੁਲੇਖਾ ਦੂਰ ਹੋ ਜਾਏ ਤਾਂ ਸਾਰੇ ਉਠਾਏ ਗਏ ਨੁਕਤੇ ਆਪਣੇ ਆਪ ਹੀ ਖਤਮ ਹੋ ਜਾਣਗੇ। ਇਹ ਲੇਖ ਲਿਖਣ ਦਾ ਦਾਸ ਦਾ ਮਕਸਦ ਇਹ ਨਹੀਂ ਹੈ ਕਿ ਕੋਈ ਨਵੀਂ ਬੈਹਸ ਛੇੜੀ ਜਾਏ। ਸੱਗੋਂ ਮਕਸਦ ਇਹ ਹੈ ਕਿ ਡਾਕਟਰ ਸਾਹਿਬ ਅਤੇ, ਜੇ ਕਿਸੀ ਹੋਰ ਭੀ ਸੱਜਣ ਨੂੰ ਐਸਾ ਹੀ ਭੁਲੇਖਾ ਲੱਗਾ ਹੋਵੇ ਤਾਂ ਉਸ ਨੂੰ ਦੂਰ ਕਰਨ ਦਾ ਯਤਨ ਕੀਤਾ ਜਾਏ। ਡਾਕਟਰ ਸਾਹਿਬ ਦਾ ਲੇਖ ਪੜ੍ਹ ਕੇ ਐਓਂ ਪਰਤੀਤ ਹੁੰਦਾ ਹੈ ਕਿ ਡਾਕਟਰ ਸਾਹਿਬ ਦੇ ਮਨ ਵਿਚ ਸਿਖੀ ਲਈ ਅਥਾਹ ਸ਼ਰਧਾ ਅਤੇ ਪ੍ਰੇਮ ਹੈ। ਇਸੀ ਸ਼ਰਧਾ ਅਤੇ ਪ੍ਰੇਮ ਬਸ, ਦਾਸ ਵਲੋਂ ਗੁਰਬਾਣੀ ਦੀ ਕੀਤੀ ਪੜਚੋਲ ਨੂੰ ਸਮਝਣ ਵਿਚ ਭੁਲੇਖਾ ਲੱਗਾ ਹੈ।

ਭੁਲੇਖਾ ਇਹ ਹੈ ਕਿ ਉਨ੍ਹਾਂ ਦੇ ਵਿਚਾਰ ਅਨੁਸਾਰ ਦਾਸ ਸਾਇੰਸ ਦੇ ਸੱਚ ਨੂੰ ਪਹਿਲ ਦਿੰਦਾ ਹੈ ਤੇ ਗੁਰਬਾਣੀ ਦੇ ਸੱਚ ਨੂੰ ਨੰਬਰ ਦੋ ਤੇ ਰਖਦਾ ਹੈ। ਹਕੀਕਤ ਇਹ ਹੈ ਕਿ ਦਾਸ ਇਸ ਵਿਚਾਰ ਦਾ ਧਾਰਨੀ ਹੈ ਕਿ ਅੱਜ ਤੋਂ4/5 ਸੌ ਸਾਲ ਪਹਿਲਾਂ ਜਦੋਂ ਗੁਰਬਾਣੀ ਲਿਖੀ ਗਈ ਸੀ ਉਸ ਸਮੇਂ ਸਾਇੰਸ ਦਾ ਇਲਮ ਨਾਂ ਹੋਣ ਦੇ ਬਰਾਬਰ ਸੀ। ਉਸ ਵਕਤ ਗੁਰਬਾਣੀ ਦੇ ਸੱਚ ਨੂੰ ਕੋਈ ਸਮਝਿਆ ਹੋਵੇ ਜਾਂ ਨਾਂ ਪਰ ਅਜ ਸਾਇੰਸ ਦੀ ਖੋਜ ਨੇ ਗੁਰਬਾਣੀ ਅੰਦਰ ਬਿਆਨ ਕੀਤੇ ਅਨੇਕਾਂ ਸੱਚਾਂ ਦੀ ਪੁਸ਼ਟੀ ਕੀਤੀ ਹੈ। ਜੇ ਦਾਸ ਇਹ ਆਖਦਾ ਹੈ ਕਿ ਸਾਇੰਸ ਨੇ ਗੁਰਬਾਣੀ ਦੇ ਅਮਕੇ ਫੁਰਮਾਨ ਦੀ ਪੁਸ਼ਟੀ ਕੀਤੀ ਹੈ ਤਾਂ ਇਸ ਦਾ ਅਰਥ ਇਹ ਨਹੀਂ ਹੋ ਜਾਂਦਾ ਕਿ ਸਾਇੰਸ ਨੂੰ ਪਹਿਲ ਦਿਤੀ ਗਈ ਹੈ ਤੇ ਗੁਰਬਾਣੀ ਨੂੰ ਦਰਜਾ ਦੋ ਤੇ ਰਖਿਆ ਗਿਆ ਹੈ। ਕਈ ਲੇਖਾਂ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਵਿਚੋਂ ਭੀ ਹਵਾਲੇ ਦਿਤੇ ਗਏ ਹਨ ਤਾਂ ਇਸ ਦਾ ਅਰਥ ਇਹ ਨਹੀਂ ਹੁੰਦਾ ਕਿ ਭਾਈ ਸਾਹਿਬ ਦੀ ਲਿਖਤ ਨੂੰ ਪਹਿਲੇ ਅਤੇ ਗੁਰਬਾਣੀ ਨੂੰ ਦੂਜੇ ਨੰਬਰ ਤੇ ਰਖਿਆ ਗਿਆ ਹੈ।

ਅਜ ਤੋਂ ਕੁਝ ਸਾਲ ਪਹਿਲਾਂ ਜਦੋਂ ਇਕ ਕੈਨੇਡਾ ਤੇ ਦੂਸਰੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਦੋ ਪ੍ਰੋਫੈਸਰਾਂ ਵਲੋਂ ਗੁਰਬਾਣੀ ਤੇ ਕਿੰਤੂ ਪ੍ਰੰਤੂ ਕੀਤੇ ਗਏ ਸਨ ਤੇ ਉਨਾਂ ਨੂੰ ਅਕਾਲ ਤਖਤ ਤੇ ਬੁਲਾਇਆ ਗਿਆ ਸੀ, ਉਸ ਵਕਤ ਦਾਸ ਨੇ ਇਕ ਲੇਖ, 'ਵਿਗਿਆਨਕ ਖੋਜ ਅਤੇ ਗੁਰਬਾਣੀ' ਸਿਰਲੇਖ ਹੇਠ ਲਿਖਿਆ ਸੀ ਜੋ 'ਸੂਰਾ' ਦੇ ਜਨਵਰੀ 1995 ਵਿਚ ਛਪਿਆ ਸੀ। ਇਸ ਲੇਖ ਨੂੰ ਅਤੇ ਹੇਠ ਦਿਤੇ ਹੋਰ ਲੇਖਾਂ ਦੇ ਹਵਾਲਿਆਂ ਨੂੰ ਪੜ੍ਹਨ ਤੇ, ਦਾਸ ਦੇ ਗੁਰਬਾਣੀ ਸੰਬੰਧੀ ਵਿਚਾਰਾਂ ਅਤੇ ਏਤਕਾਦ ਦੀ ਕਾਫੀ ਝਲਕ ਮਿਲ ਜਾਏਗੀ। ਉਸ ਲੇਖ ਵਿਚ ਸਾਇੰਟਫਿਕ ਖੋਜ ਦੇ ਆਧਾਰ ਤੇ ਸਿਧ ਕੀਤਾ ਸੀ ਤੇ ਲਿਖਿਆ ਸੀ ਕਿ ....... ਇਸ



www.AKJ.Org

ਸਟੇਜ ਤੇ ਜੀਵ-ਆਤਮਾ ਅਤੇ ਪਰਮ-ਆਤਮਾ ਦਾ ਸੰਪਰਕ N.V.C., ਅਬੋਲ ਭਾਖਿਆ ਜਾਂ Non Vocal Communication ਦੁਆਰਾ ਹੁੰਦਾ ਹੈ। N.V.C. ਸੰਪਰਕ ਦੁਆਰਾ ਹੀ ਖਸਮ ਕੀ ਜਾਂ ਧੁਰ ਕੀ ਬਾਣੀ , ਗੁਰੂ ਸਾਹਿਬਾਨ, ਭਗਤ ਜਨਾਂ ਅਤੇ ਭੱਟਾਂ ਨੂੰ ਪਰਾਪਤ ਹੋਈ ਜਾਂ ਨਾਜ਼ਲ ਹੋਈ। ਇਸ ਸੰਪਰਕ ਦਾ ਨਾਮ ਹੈ 'ਸੁਧਿ ਜਾਂ ਸਿਧ। ਇਸ ਸੰਪਰਕ ਦੁਆਰਾ ਪਰਾਪਤ ਹੋਈ ਬਾਣੀ, ਇਨਸਾਨੀ ਦਿਮਾਗ ਦੀ ਖੋਜ ਪੜਤਾਲ ਜਾਂ ਨੁਕਤਾ ਚੀਨੀ ਤੋਂ ਉਪਰ ਹੁੰਦੀ ਹੈ। ਕਾਰਨ ਇਹ ਹੈ ਕਿ "ਭੁਲਣ ਅੰਦਰ ਸਭ ਕਉ ਅਭੁਲ ਗੁਰੂ ਕਰਤਾਰ।।" (61) ਭੁਲਣ ਹਾਰ ਇਨਸਾਨੀ ਦਿਮਾਗ,ਅਭੁਲ ਗੁਰੂ ਕਰਤਾਰ ਦੀ ਬਾਣੀ ਤੇ ਟੀਕਾ ਟਿਪਣੀ ਕਰਨ ਦੀ ਸਮਰੱਥਾ ਨਹੀਂ ਰਖਦਾ। ਇਸੀ ਲੇਖ ਵਿਚ ਹੀ ਕਿਸੀ ਦੂਸਰੀ ਥਾਂ ਲਿਖਿਆ ਹੈ ਕਿ "ਅਕਾਲ ਪੁਰਖ ਤੋਂ ਪ੍ਰਾਪਤ ਹੋਏ ਗਿਆਨ ਨੂੰ ਬੁਧੀ ਦੇ ਕੰਢੇ ਤੇ ਰਖ ਕੇ ਹਾੜਨ ਤੋਲਣ ਦੀ ਲੋੜ ਨਹੀਂ ਰਹਿੰਦੀ।

'ਪੰਜ ਖੰਡ' ਨਾਮੇ ਲੇਖ 'ਸੂਰਾ' ਸਤੰਬਰ 1995 ਅੰਕ ਵਿਚ ਛਪਿਆ ਸੀ। ਉਸ ਵਿਚ ਦਾਸ ਦੇ ਲਿਖੇ ਇਹ ਲਫਜ਼ ਭੀ ਖਾਸ ਧਿਆਨ ਦੀ ਮੰਗ ਕਰਦੇ ਹਨ।........ *ਠੀਕ ਰਾਹ ਤਾਂ ਇਹ ਹੈ ਕਿ ਅਸੀਂ ਗੁਰਬਾਣੀ ਦੇ ਮਗਰ ਲਗ ਕੇ ਅਰਥ ਕਰੀਏ, ਪਰ ਅਸੀਂ ਇਸ ਦੇ ਉਲਟ, ਗੁਰਬਾਣੀ ਨੂੰ ਅਪਣੇ ਮਗਰ ਲਾ ਕੇ ਅਰਥ ਕਰਨ ਬੈਠ ਜਾਂਦੇ ਹਾਂ।* ਹੁੰਦਾ ਕਿਆ ਹੈ ਐਸਾ ਕਰਦੇ ਸਮੇਂ, ਅਸੀਂ ਕਈ ਦਫਾ ਗੁਰਬਾਣੀ ਦੇ ਮੂਲ ਸਿਧਾਂਤ ਨੂੰ ਭੀ ਅੱਖੋ ਓਹਲੇ ਕਰ ਜਾਂਦੇ ਹਾਂ।

ਇਕ ਹੋਰ ਲੇਖ 'ਗੁਰਬਾਣੀ ਅਤੇ ਸਾਇੰਸ' ਦੇ ਅੰਤ ਤੇ ਦਾਸ ਦੇ ਲਿਖੇ ਇਹ ਸ਼ਬਦ ਵਿਚਾਰਨ ਯੋਗ ਹਨ।..... ਉਪਰ ਕੁਝ ਫੁਰਮਾਨਾਂ ਦੀ ਹੀ, ਸਾਇੰਸ ਦੀ ਰੌਸ਼ਨੀ ਵਿਚ ਪੜਚੋਲ ਕੀਤੀ ਗਈ ਹੈ, ਜਿਸ ਦੇ ਆਧਾਰ ਤੇ ਅਸੀਂ ਆਖ ਸਕਦੇ ਹਾਂ ਕਿ ਗੁਰਬਾਣੀ ਅੰਦਰ ਆਇਆ ਹਰ ਸ਼ਬਦ, ਤੱਤ ਸੱਚ ਹੈ। ਜਿਸ ਦੀ ਸਮਝ ਭਾਵੇਂ ਸਾਨੂੰ ਹਾਲੇ ਨਾ ਭੀ ਆਈ ਹੋਵੇ, ਪਰ ਹੋ ਸਕਦਾ ਹੈ ਕਿ ਆਉਣ ਵਾਲੇ ਕਿਸੀ ਸਮੇਂ ਵਿਚ, ਸਾਇੰਸ ਉਨ੍ਹਾਂ ਵਿਚਾਰਾਂ ਦੀ ਭੀ ਪੁਸ਼ਟੀ ਕਰ ਦੇਵੇ, ਜਿਵੇਂ ਉਪਰ ਦਿਤੇ ਫੁਰਮਾਨਾਂ ਦੀ ਪੁਸ਼ਟੀ ਅਜ ਦੀ ਸਾਇੰਸ ਨੇ ਕੀਤੀ ਹੈ।

ਉਪਰ ਦਿਤੀਆਂ ਕੁਝ ਕੁ ਮਿਸਾਲਾਂ ਹੀ ਕਾਫੀ ਹਨ ਜਿਨ੍ਹਾਂ ਤੋਂ ਦਾਸ ਦੇ ਵਿਚਾਰਾਂ ਦੀ ਝਲਕ, ਕਾਫੀ ਚੰਗੀ ਤਰਾਂ ਮਿਲਦੀ ਹੈ। ਦਾਸ ਤਾਂ ਖੁਦ ਇਸ ਹਕੀਕ਼ਤ ਦਾ ਮੁਦੱਈ ਹੈ ਕਿ, ਗੁਰਬਾਣੀ ਅੰਦਰ ਆਇਆ ਹਰ ਸ਼ਬਦ ਤੱਤ ਸੱਚ ਹੈ। ਸਾਇੰਸ ਦੀ ਮਦਦ ਸਿਰਫ ਇਸ ਤੱਤ ਸੱਚ ਨੂੰ ਸਮਝਣ ਲਈ ਹੀ ਲਈ ਜਾਂਦੀ ਹੈ। ਇਸ ਤਰਾਂ ਸਾਇੰਸ ਦੀ ਮਦਦ ਲੈਣ ਦਾ ਅਰਥ ਇਹ ਨਹੀਂ ਹੋ ਜਾਂਦਾ ਕਿ ਦਾਸ, ਸਾਇੰਸ ਨੂੰ ਪਹਿਲ ਦਿੰਦਾ ਹੈ ਤੇ ਗੁਰਬਾਣੀ ਨੂੰ ਦੂਸਰੇ ਨੰਬਰ ਤੇ ਸਮਝਦਾ ਹੈ। ਜਿਸ ਕਰਕੇ ਡਾਕਟਰ ਸਾਹਿਬ ਨੂੰ, ਵਾਲਾਂ ਦੇ ਕੈਂਸਰ ਦਾ ਸਵਾਲ ਉਠਾਉਣਾ ਪਿਆ। ਦਾਸ ਨੇ ਅੱਜ ਤਕ, ਕਦੇ ਭੀ, ਕਿਸੀ ਭੀ ਲੇਖ ਵਿਚ ਇਹ ਨਹੀਂ ਲਿਖਿਆ ਕਿ ਗੁਰਬਾਣੀ ਦਾ ਜੋ ਫੁਰਮਾਨ ਸਾਇੰਸ ਦੀ ਕਸਵੱਟੀ ਤੇ ਪੂਰਾ ਨਾ ਉਤਰੇ, ਓਹ ਮੰਨਣ ਯੋਗ ਨਹੀਂ ਹੈ। ਇਸ ਲਈ ਵਾਲਾਂ ਦੇ ਕੈਂਸਰ ਦੀ ਗੱਲ ਕਰਨਾ, ਦਾਸ ਦੇ ਗੁਰਬਾਣੀ ਸੰਬੰਧੀ ਵਿਚਾਰਾਂ ਤੋਂ ਬਿਲਕੁਲ ਉਲਟ ਹੈ।

ਦਾਸ ਨੂੰ ਗੁਰਬਾਣੀ ਨੂੰ ਸਮਝਣ ਲਈ, ਸਾਇੰਸ ਦੀ ਮਦਦ ਲੈਣ ਵਲ ਨੂੰ ਕਿਉਂ ਤੁਰਨਾ ਪਿਆ ? ਦਾਸ ਜਦੋਂ ਇੰਗਲੈਂਡ ਆਇਆ ਸੀ ਤਾਂ ਇਕ ਦਫਾ ਜਨਵਰੀ 1992 ਵਿਚ, ਇਥੋਂ ਦੇ ਮਸ਼ਹੂਰ, ਹਫਤਾਵਾਰੀ ਅਖਬਾਰ, ਦੇਸ ਪ੍ਰਦੇਸ ਦੇ ਮਾਲਕ ਸ੍ਰ: ਤਰਸੇਮ ਸਿੰਘ ਪੁਰੇਵਾਲ ਹੋਰਾਂ ਨਾਲ ਮੁਲਾਕਾਤ ਹੋਈ, ਮੁਲਾਕਾਤ ਸਮੇਂ, ਗੁਰੂ ਨਾਨਕ ਦੇਵ ਜੀ ਦੇ, ਬ਼ਗਦਾਦ ਦੇ ਪੀਰ ਗੁਲਾਮ ਦਸਤਗੀਰ ਦੇ ਪੁਤਰ ਨੂੰ ਨਾਲ ਲੈ ਕੇ, ਲੱਖਾਂ ਹੀ ਆਕਾਸ਼ਾਂ ਤੇ ਪਾਤਾਲਾਂ ਦੀ ਸੈਰ ਦਾ ਜ਼ਿਕਰ ਚਲਿਆ। ਪੁਰੇਵਾਲ ਸਾਹਿਬ ਨੇ ਆਖਿਆ ਕਿ ਐਸਾ ਸਫਰ ਹੋਣਾ ਨਾਮੁਮਕਿਨ ਹੈ। ਦਾਸ ਨੇ ਬੇਨਤੀ ਕੀਤੀ ਕਿ ਇਸ ਸਫਰ ਦਾ ਜ਼ਿਕਰ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਦਰਜ ਹੈ ਭਾਈ ਗੁਰਦਾਸ ਜੀ, ਬ੍ਰਹਮ ਗਿਆਨੀ ਹੋਣ ਦੇ ਨਾਤੇ ਗਲਤ ਬਿਆਨੀ ਕਰ ਨਹੀਂ ਸਕਦੇ। ਪੁਰੇਵਾਲ ਸਾਹਿਬ ਨੇ ਭਾਈ ਗੁਰਦਾਸ ਜੀ ਦੇ ਬਿਆਨ ਨੂੰ ਮੰਨਣ ਤੋਂ ਨਾਂਹ ਕਰਦੇ ਹੋਏ, ਇਸ ਸਫਰ ਨੂੰ ਸਾਇੰਸ ਦੀ ਰੌਸ਼ਨੀ ਵਿਚ, ਦਰੁਸਤ ਸਾਬਤ ਕਰਨ ਲਈ ਆਖਿਆ, ਜਿਸ ਨੂੰ ਸਾਬਤ ਕਰਨ ਤੋਂ ਦਾਸ ਅਸਮਰਥ ਸੀ।

ਨੋਟ :- ਹੁਣ ਇਸ ਤੱਥ ਨੂੰ ਸਾਇੰਟਿਫਿਕ ਤੌਰ ਤੇ ਭੀ ਅਤੇ ਧਾਰਮਕ ਤੌਰ ਤੇ ਭੀ ਸਿਧ ਕੀਤਾ ਜਾ ਚੁੱਕਾ ਹੈ। ਵੇਰਵੇ ਲਈ ਲੇਖ 'ਅਕਾਲ' 'ਸੂਰਾ' ਫਰਵਰੀ 1996 ਅੰਕ ਅਤੇ ਪੁਲਾੜ ਰੈਹਤ, ਸੂਰਾ ਮਈ ਅਤੇ ਜੂਨ 1996 ਵਿਚ ਪੜ੍ਹ ਸਕਦੇ ਹੋ।

ਇਥੇ ਇੰਗਲੈਂਡ ਵਿਚ ਇਕ ਗਰੈਜੁਏਟ ਲੜਕੀ



www.AKJ.Org

ੇ ਦਾਸ ਤੇ ਸਵਾਲ ਕੀਤਾ ਕਿ ਇਸ ਸਰੀਰ ਵਿਚ, ਜੀਵ-ਆਤਮਾ ਇਕ ਹੀ ਹੁੰਦੀ ਹੈ ਜਾਂ ਇਕ ਤੋਂ ਵੱਧ ਵੀ ਹੋ ਕਦੀਆਂ ਹਨ। ਦਾਸ ਦਾ ਜਵਾਬ ਸੀ ਕਿ ਇਕ ਸਰੀਰ ਵਚ ਇਕ ਹੀ ਆਤਮਾ ਹੋ ਸਕਦੀ ਹੈ। ਓਹ ਲੜਕੀ ਉੱਠੀ ਇਕ ਕਿਤਾਬ 'Tell Me Why ' ਨਾਮੇ ਲਿਆ ਕੇ ਖੋਹਲ ਕੇ ਦਾਸ ਅੱਗੇ ਰੱਖ ਕੇ, ਇਕ ਕੀੜੇ ਦੀ ਤਸਵੀਰ ਦਖਾਈ, ਜਿਸ ਦੇ ਸੰਬੰਧ ਵਿਚ ਲਿਖਿਆ ਸੀ ਕਿ ਜੇ ਇਸ ਕੀੜੇ ਦੇ ਕਟ ਕੇ ਦੋ ਟੁਕੜੇ ਕਰ ਦਿਤੇ ਜਾਣ ਤਾਂ ਨੋ ਹੀ ਟੁਕੜੇ ਵੱਖੋ ਵੱਖਰੇ ਤੌਰ ਤੇ ਹੀ ਜਿੰਦਾ ਰਹਿੰਦੇ ਨ। ਕਿਤਾਬ ਦੀ ਇਸ ਲਿਖਤ ਨੇ ਦਾਸ ਦੇ, ਇਕ ਸਰੀਰ ਚ ਇਕ ਆਤਮਾ ਦੇ ਬਿਆਨ ਨੂੰ ਗਲਤ ਕਰਕੇ ਰਖ ਦਤਾ। ਇਹ ਲਿਖਣ ਤੋਂ ਇਹ ਪਤਾ ਚਲਦਾ ਹੈ ਕਿ ਇਥੋਂ ਬੱਚਿਆਂ ਦੀ ਬੁੱਧੀ ਕਿਤਨੀ ਤੇਜ਼ ਹੈ। ਫੇਰ ਕਿਸੀ ਹੋਰ ਮੇਂ ਦਾਸ ਨੇ ਉਸ ਲੜਕੀ ਤੇ, ਉਸ ਦੀ ਬੜੀ ਭੈਣ ਾਲ ਗੁਰਮੱਤਿ ਸੰਬੰਧੀ ਵਿਚਾਰ ਕਰਦੇ ਹੋਏ, ਪੁਰਾਣੇ ਤਿਹਾਸਕ ਕਥਾ ਕਹਾਣੀਆਂ ਦੀ ਮਦਦ ਨਾਲ ਕੁਝ ਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਬੱਚੀਆਂ ਨੇ ਾਖਿਆ ਕਿ ਫਰਜੀ ਮਨ ਘੜਤ ਕਹਾਣੀਆਂ ਦੀ ਕੋਈ ਕੀਕਤ ਨਹੀਂ ਹੁੰਦੀ ਜਿਸ ਤੇ ਯਕੀਨ ਕੀਤਾ ਜਾਵੇ। ਨੂੰ ਤਾਂ ਤੁਸੀ ਠੋਸ ਦਲੀਲਾਂ ਨਾਲ ਜਾਂ ਸਾਇੰਸ ਦੀ ਸ਼ਨੀ ਵਿਚ ਕੁਝ ਸਮਝਾਓ ਤਾਂ ਜੋ ਸਾਨੂੰ ਕੁਝ ਯਕੀਨ ਆ ਸਕੇ।

ਦਾਸ ਇਕ ਦਿਨ ਇਕ ਦੋਸਤ ਦੇ ਘਰ ਬੈਠਾ ਸੀ। ਥੇ ਇਕ ਬੀਬੀ ਅਪਣੇ ਲੜਕੇ ਉਮਰ19 ਸਾਲ ਦੇ ਨਾਲ ਈ। ਆਖਣ ਲਗੀ ਕਿ ਇਹ ਲੜਕਾ ਗੁਰਮਤਿ ਬਾਰੇ ੜਾ ਸਮਝਾਇਆ ਹੋਇਆ ਨਹੀਂ ਸਮਝਦਾ। ਤੁਸੀਂ ਇਸ ਸਾਇੰਟਿਫਿਕ ਤੌਰ ਤੇ ਕੁਝ ਸਮਝਾਓ। ਇਕ ਦਫਾ ਰ, ਦਾਸ ਕਿਸੀ ਹੋਰ ਦੋਸਤ ਦੇ ਘਰ ਬੈਠਾ ਸੀ। ਉਥੇ ਕ ਉਨ੍ਹਾਂ ਦੀ ਰਿਸ਼ਤੇ ਦਾਰ ਬੀਬੀ ਉਨ੍ਹਾਂ ਨੂੰ ਮਿਲਣ ਈ। ਉਸ ਦੇ ਨਾਲ ਉਸ ਦੇ ਦੋ ਬੱਚੇ, ਇਕ ਲੜਕਾ ਮਰ 22 ਸਾਲ ਅਤੇ ਇਕ ਲੜਕੀ ਉਮਰ 20 ਸਾਲ ਨਾਲ ਸਨ। ਉਨ੍ਹਾਂ ਦੀ ਮੁਸ਼ਕਿਲ ਭੀ ਉਪਰ ਬਿਆਨ ਤੇ ਬਚਿਆਂ ਵਾਲੀ ਹੀ ਸੀ। ਭਾਵ ਗੁਰਮਤਿ ਬਾਰੇ ਇੰਸ ਦੀ ਰੌਸ਼ਨੀ ਵਿਚ ਉਨ੍ਹਾਂ ਨੂੰ ਸਮਝਾਇਆ ਏ। ਇਹ ਤਿੰਨ ਵਾਕਿਆਤ ਸਿਰਫ ਉਦਾਹਰਨ ਵਜੋਂ ਨ ਕੀਤੇ ਹਨ। ਇਥੇ ਹਰ ਇਕ ਬੱਚੇ ਦੀ ਮੰਗ, ਗੁਰਮੱਤਿ ਸਾਇੰਸ ਦੀ ਰੌਸ਼ਨੀ ਵਿਚ ਸਮਝਣ ਦੀ ਹੈ। ਪੁਰਾਣੇ ਪਰਚਾਰ ਢੰਗ ਨੂੰ ਇਹ ਸੁਨਣੇ ਨੂੰ ਤਿਆਰ ਨਹੀਂ ਹਨ। ਹੁਣ ਸਾਡੇ ਅੱਗੇ ਦੋ ਹੀ ਰਾਹ ਹਨ। ਜਾਂ ਤਾਂ ਬੱਚਿਆਂ ਨੂੰ ਸਾਇੰਸ ਦੀ ਮਦਦ ਨਾਲ ਕੁਝ ਸਮਝਾਈਏ ਜਾਂ ਉਨ੍ਹਾਂ ਨੂੰ ਉਨ੍ਹਾਂ ਦੇ ਹਾਲ ਤੇ ਛੱਡ ਦੇਈਏ। ਪਏ ਜਾਣ ਜਿਧਰ ਨੂੰ ਜਾਂਦੇ ਹਨ। ਜੇ ਉਨ੍ਹਾਂ ਨੂੰ ਉਨ੍ਹਾਂ ਦੇ ਹਾਲ ਤੇ ਛੱਡ ਦਿਤਾ ਤਾਂ ਸਕੂਲਾਂ ਕਾਲਜਾਂ ਵਿਚ ਤਾਂ ਈਸਾਈ ਮਤਿ ਦੀ ਹੀ ਪੜ੍ਹਾਈ ਹੁੰਦੀ ਹੈ। ਬੱਚੇ ਈਸਾਈ ਮੱਤ ਵਲ ਨੂੰ ਜਾ ਰਹੇ ਹਨ। ਇਥੇ ਈਸਾਈ ਮੱਤਿ ਦੀ ਇਕ ਹੋਰ ਸ਼ਾਖ ਜਹੋਵਾ ਵਿਟਨੈਸ ਹੈ। ਇਹ ਲੋਕ ਘਰ ਘਰ ਜਾ ਕੇ ਅਪਣੇ ਮਤਿ ਦਾ ਪਰਚਾਰ ਕਰਦੇ ਹਨ। ਜਿਸ ਦੇ ਮਗਰ ਪੈਂਦੇ ਹਨ ਉਸ ਨੂੰ ਜਹੋਵਾ- ਵਿਟਨੈਸ ਬਣਾ ਕੇ ਹੀ ਦਮ ਲੈਂਦੇ ਹਨ। ਜੇ ਇਨ੍ਹਾਂ ਬੱਚਿਆਂ ਨੂੰ ਗੁਰਮੱਤਿ ਵਲ ਨੂੰ ਲਿਆਉਣਾ ਹੈ ਤਾਂ ਸਵਾਏ ਸਾਇੰਸ ਦੀ ਰੌਸ਼ਨੀ ਵਿਚ ਸਮਝਾਉਣ ਦੇ ਹੋਰ ਰਾਹ ਨਹੀਂ ਹੈ। ਡਾਕਟਰ ਸਾਹਿਬ ਅਨੁਸਾਰ, ਸਾਇੰਸ ਦੀਆਂ ਐਨਕਾਂ ਲਾ ਕੇ ਗੁਰਬਾਣੀ ਨੂੰ ਨਾਪਣਾ ਤੋਲਣਾ ਗੁਸਤਾਖੀ ਹੈ। ਇਸ ਹਾਲਤ ਵਿਚ, ਬੱਚਿਆਂ ਨੂੰ ਦੂਜੇ ਮੱਤਾਂ ਵਲ ਜਾਣ ਤੋਂ ਰੋਕਿਆ ਜਾਵੇ ਤਾਂ ਕਿਵੇਂ ਰੋਕਿਆ ਜਾਵੇ ?

ਇਹ ਕੁਝ ਕਾਰਨ ਸਨ ਜਿਨ੍ਹਾਂ ਕਰਕੇ ਦਾਸ ਨੂੰ ਸਾਇੰਸ ਦੀ ਮਦਦ ਤੋਂ ਬਗੈਰ ਹੋਰ ਕੋਈ ਰਾਹ ਨਜ਼ਰ ਨਹੀਂ ਆਇਆ, ਤੇ ਇਸੀ ਰਾਹ ਤੇ ਹੀ ਤੁਰਨਾ ਪਿਆ। ਜੇ ਇਨ੍ਹਾਂ ਬੱਚਿਆਂ ਨੂੰ ਅੱਜ ਨਾ ਸੰਭਾਲਿਆ ਗਿਆ ਤਾਂ ਅਗਲੇ ਆਉਣ ਵਾਲੇ ਚਾਲੀ ਪੰਜਾਹ ਸਾਲ ਦੇ ਸਮੇਂ ਵਿਚ, ਮੌਜੂਦਾ 'ਬੁਢਾ ਦਲ' ਅਤੇ ਉਨ੍ਹਾਂ ਦੇ ਜਵਾਨ ਪੁਤਰ ਧੀਆਂ, ਅਗਲੇ ਪਾਰ ਭਾਵ ਧਰਮ ਰਾਏ ਦੇ ਦਰਬਾਰ ਵਿਚ ਪਹੁੰਚ ਚੁੱਕੇ ਹੋਣਗੇ। ਪਿਛੇ ਨੌਜਵਾਨ ਹੋ ਰਹੀ ਪੀੜ੍ਹੀ, ਈਸਾਈਮਤ ਜਾਂ ਜਹੋਵਾ ਵਿਟਨੈਸ ਦੇ ਪੱਲੇ ਪੈ ਚੁੱਕੀ ਹੋਵੇਗੀ। ਇਸ ਤਰਾਂ ਪੱਛਮੀ ਦੇਸ਼ਾਂ ਵਿਚ, ਸਿੱਖੀ ਵਾਲਾ ਭੋਗ ਪੈ ਜਾਏਗਾ।

ਆਪ ਜੀ ਦਾ ਅਗਲਾ ਨੁਕਤਾ ਹੈ ਕਿ ਸਾਇੰਸ ਦੇ ਸੱਚ ਬਦਲਦੇ ਰਹਿੰਦੇ ਹਨ। ਨਵੀਂ ਖੋਜ ਨੇ ਪੁਰਾਣੇ ਸੱਚ ਬਦਲ ਦਿਤੇ ਹਨ। ਅਜ ਦੇ ਸੱਚ ਕਲ ਨੂੰ ਬਦਲ ਜਾਣਗੇ। ਆਪ ਜੀ ਦੇ ਇਸ ਨੁਕਤੇ ਦੇ ਉਤਰ ਵਿਚ ਅਰਜ਼ ਹੈ ਕਿ ਕੁਦਰਤ ਦੇ ਨਿਯਮਾਂ ਦੀ ਜਾਣਕਾਰੀ ਦਾ ਨਾਮ ਸਾਇੰਸ ਹੈ। ਇਹ ਜਾਣਕਾਰੀ ਅਨੇਕ ਤਰਾਂ ਦੀ ਹੋ ਸਕਦੀ ਹੈ। ਵਖੋਂ ਵਖ ਜਾਣਕਾਰੀ ਦੀ ਵਖੋ ਵਖ ਸਾਇੰਸ ਹੈ। ਜਿਵੇਂ ਮੈਡੀਕਲ ਸਾਇੰਸ, ਜਿਸ ਦੇ ਡਾਕਟਰ



www.AKJ.Org

ਸਾਹਿਬ ਖੁਦ ਭੀ ਮਾਹਰ ਹਨ। ਫਿਜ਼ਿਕਸ, ਕੈਮਿਸਟਰੀ, ਬਾਈਐਲੋਜੀ, ਕੌਸਮੋਲੋਜੀ, ਐਸਟਰੌਨੋਮੀ, ਐਸਟਰੋਲਜੀ ਆਦਿ ਅਨੇਕ ਤਰਾਂ ਦੀ ਸਾਇੰਸ ਦੀਆਂ ਸਾਖਾਂ ਹਨ। ਸਾਇੰਸ ਦੀ ਕੋਈ ਵੀ ਬਰਾਂਚ ਲੈ ਲਓ। ਉਸ ਦੇ ਕੁਦਰਤ ਦੇ ਨਿਯਮ ਨਾ ਕਦੇ ਬਦਲੀ ਹੋਏ ਹਨ ਅਤੇ ਨਾ ਹੀ ਅੱਗੇ ਨੂੰ ਬਦਲੀ ਹੋਣਗੇ। ਕਾਰਨ ਇਹ ਕਿ ਇਹ ਨਿਯਮ, ਇਨਸਾਨੀ ਦਿਮਾਗ ਨੇ ਮੁਕਰਰ ਨਹੀਂ ਕੀਤੇ ਜੋ ਕਿ ਭੁਲਣਹਾਰ ਜੀਵ ਹੈ। ਇਹ ਨਿਯਮ ਅਭੁਲ ਗੁਰੂ ਕਰਤਾਰ ਦੇ ਮੁਕਰਰ ਕੀਤੇ ਹੋਏ ਹਨ। ਅਭੁਲ ਗੁਰੂ ਕਰਤਾਰ ਦੇ ਨਿਯਮਾਂ ਵਿਚ ਕਦੇ ਕੋਈ ਗਲਤੀ ਨਹੀਂ ਹੋ ਸਕਦੀ ਜਿਸ ਦੀ ਦਰੁਸਤੀ ਕਰਨ ਦੀ ਲੋੜ ਕਦੇ ਗੁਰੂ ਕਰਤਾਰ ਨੂੰ ਪਈ ਹੋਵੇ ਜਾਂ ਅਗੇ ਨੂੰ ਪਵੇ। ਸੂਰਜ ਚੜ੍ਹਦੇ ਪਾਸਿਓਂ ਚੜ੍ਹਦਾ ਹੈ। ਕਦੇ ਲਹਿੰਦੇ ਪਾਸਿਓਂ ਨਹੀਂ ਚੜ੍ਹਿਆ ਅਤੇ ਨਾ ਅਗੇ ਨੂੰ ਚੜ੍ਹੇਗਾ। ਧਰੂ ਤਾਰਾ North ਵਿਚ ਹੈ ਤਾਂ North ਵਿਚ ਹੀ ਰਹੇਗਾ। ਕਦੇ South ਵਲ ਨੂੰ ਤੁਰ ਨਹੀਂ ਜਾਏਗਾ। ਕੋਈ ਸ਼ੈ ਉਪਰ ਨੂੰ ਸੁੱਟੀ ਹੋਈ ਹਮੇਸ਼ਾ ਹੀ ਜ਼ਮੀਨ ਤੇ ਹੀ ਆਕੇ ਡਿਗਦੀ ਹੈ। ਮਹਾਂਭਾਰਤ ਦੇ ਭੀਮਸੈਨ ਦੇ ਆਸਮਾਨ ਵੱਲ ਸਿਟੇ ਹੋਏ ਹਾਥੀਆਂ ਵਾਗੂੰ (ਫਰਜ਼ੀ ਕਥਾ ਕਹਾਣੀਆਂ) ਉਪਰ ਹੀ ਨਹੀਂ ਘੁੰਮਦੀ ਰਹਿੰਦੀ। ਡਾਕਟਰ ਸਾਹਿਬ ਨੂੰ ਜੋ ਭੁਲੇਖਾ ਲਗਾ ਹੈ ਓਹ ਇਹ ਹੋ ਸਕਦਾ ਹੈ (ਮਿਸਾਲ ਵਜੋਂ) ਕਿ ਨੀਊਟਨ ਨੇ ਅਜ ਤੋਂ ਤਿੰਨ ਕੁ ਸੌ ਸਾਲ ਪਹਿਲਾਂ ਜ਼ਮੀਨ ਦੀ ਖਿਚ ਸ਼ਕਤੀ ਜਾਂ Gravitation Force ਦੀ ਦਰਿਆਫਤ ਕੀਤੀ। ਇਸ ਵੀਹਵੀਂ ਸਦੀ ਦੇ ਸ਼ੁਰੂ ਵਿਚ, ਜਰਮਨ ਸਾਇੰਸਦਾਨ ਐਲਬਰਟ ਆਇਨਸਟਾਈਨ ਦੀਆਂ ਦੋ ਨਵੀਂ, ਸਪੈਸ਼ਲ ਰੈਲੇਟਿਵਟੀ ਅਤੇ ਜਨਰਲ ਰੈਲੇਟਿਵਟੀ ਦੀ ਥੀਉਰੀਆਂ ਨੇ ਨੀਊਟਨ ਦੀ ਜਾਣਕਾਰੀ ਨੂੰ ਕੁਝ ਹੋਰ ਸਪਸ਼ਟ ਕੀਤਾ। ਅੱਗੋਂ ਇੰਗਲੈਂਡ ਦੇ ਪ੍ਰੌਫੈਸਰ ਸਟੀਫਨ ਹਾਕਿੰਨਗ ਨੇ ਇਸੀ ਸਿਧਾਂਤ ਨੂੰ ਹੋਰ ਨਿਖਾਰਿਆ। ਜੋ ਆਇਨਸਟਾਈਨ ਜਾਂ ਹਾਕਿੰਨਗ ਨੇ, ਨੀਊਟਨ ਦੀ ਥੀਊਰੀ ਨੂੰ ਕੁਝ ਹੋਰ ਸਪਸ਼ਟ ਕਰ ਦਿਤਾ ਤਾਂ ਕੁਦਰਤ ਦਾ ਨਿਯਮ ਤਾਂ ਨਹੀਂ ਬਦਲਿਆ। ਸਿਰਫ ਸਾਡੀ ਜਾਣਕਾਰੀ ਵਿਚ ਹੀ ਹੋਰ ਵਾਧਾ ਹੋਇਆ। ਨੀਊਟਨ ਵੇਲੇ ਭੀ, ਅਜ ਭੀ ਹਰ ਸ਼ੈ ਉਪਰ ਤੋਂ ਧਰਤੀ ਤੇ ਹੀ ਆ ਕੇ ਡਿਗਦੀ ਹੈ। ਡਾਕਟਰ ਸਾਹਿਬ ਦੇ ਵਿਚਾਰ ਵਿਚ ਇਸ ਜਾਣਕਾਰੀ ਦੇ ਵਾਧੇ ਨੂੰ ਸਾਇੰਸ ਦੇ ਸੱਚ ਦੀ ਬਦਲੀ ਹੋਣਾ ਮੰਨਣਾ ਪਰਤੀਤ ਹੁੰਦਾ ਹੈ।

ਆਪ ਜੀ ਦਾ ਅਗਲਾ ਨੁਕਤਾ ਹੈ ਕਿ ਸਾਇੰਸ ਦੀਆਂ ਐਨਕਾਂ ਲਾ ਕੇ ਗੁਰਬਾਣੀ ਨੂੰ ਨਾਪਣਾ ਤੋਲਣਾ, ਸੂਰਾ ਗੁਸਤਾਖੀ ਹੈ। ਇਸ ਦੇ ਸੰਬੰਧ ਵਿਚ ਅਰਜ਼ ਹੈ ਕਿ ਜੇ ਕੋਈ ਸਾਇੰਸ ਦੀ ਰੌਸ਼ਨੀ ਵਿਚ ਗੁਰਬਾਣੀ ਦੀ ਪੜਚੋਲ ਕਰਕੇ, ਗੁਰਬਾਣੀ ਨੂੰ ਗਲਤ ਅਤੇ ਸਾਇੰਸ ਨੂੰ ਦਰੁਸਤ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਦਾਸ, ਡਾਕਟਰ ਸਾਹਿਬ ਦੇ ਕਥਨ 'ਗੁਸਤਾਖੀ ਹੈ' ਦੇ ਨਾਲ ਸੌ ਫੀ ਸਦੀ ਸੈਹਮਤ ਹੈ। ਗੁਰਬਾਣੀ ਦਾ ਜੋ ਕੋਈ ਫੁਰਮਾਨ ਸਾਡੀ ਸਮਝ ਵਿਚ ਨਾ ਆਇਆ ਹੋਵੇ ਤਾਂ ਅਸੀਂ ਇਹ ਨਹੀਂ ਆਖ ਸਕਦੇ ਕਿ ਫੁਰਮਾਨ ਹੀ ਗਲਤ ਹੈ। ਹਾਂ ਇਹ ਕਹਿ ਸਕਦੇ ਹਾਂ ਕਿ ਇਹ ਫੁਰਮਾਨ ਹਾਲੇ ਸਾਡੀ ਸਮਝ ਤੋਂ ਬਾਹਰ ਹੈ। ਚੂੰਕਿ ਇਹ ਸ਼ਬਦ ਡਾਕਟਰ ਸਾਹਿਬ ਨੇ ਦਾਸ ਦੇ ਲਿਖੇ 'ਸਰਬ ਰੋਗ ਕਾ ਅਉਖਦੁ ਨਾਮੁ' ਦੇ ਉਤਰ ਵਿਚ ਲਿਖੇ ਹਨ, ਇਸ ਲਈ ਉਪਰ ਲਿਖੇ ਸ਼ਬਦਾਂ ਦਾ ਸੰਬੰਧ, ਦਾਸ ਦੀ ਜਾਤ ਨਾਲ ਹੈ, ਕਿਆ ਦਾਸ, ਡਾਕਟਰ ਸਾਹਿਬ ਤੋਂ ਇਹ ਪੁਛਣ ਲਈ ਬੇਨਤੀ ਕਰ ਸਕਦਾ ਹੈ ਕਿ ਦਾਸ ਨੇ ਕਦੋ, ਕਿਥੇ ਤੇ ਕਿਸ ਲੇਖ ਵਿਚ ਗੁਰਬਾਣੀ ਨੂੰ ਗਲਤ ਆਖਣ ਦੀ ਗੁਸਤਾਖੀ ਕੀਤੀ ਹੈ।

ਅਗਲਾ ਨੁਕਤਾ ਹੈ ਕਿ ਸਾਇੰਸ ਦੀ ਖੋਜ ਦਾ ਆਧਾਰ ਕੀ, ਕਿਥੇ, ਕਿਵੇ ਆਦਿ ਹੈ। ਜੇਹੜੇ ਸਿਖ ਦੇ ਮਨ ਵਿਚ ਗੁਰੂ ਦੇ ਹੁਕਮ ਤੇ ਕਿਵੇਂ ਤੇ ਕਿਉਂ ਆਉਂਦਾ ਹੈ, ਓਹ ਸਿਖ ਨਹੀਂ ਹੋ ਸਕਦਾ। ਇਹ ਤੱਥ ਬਿਲਕੁਲ ਠੀਕ ਹੈ ਕਿ ਗੁਰਬਾਣੀ ਸੌ ਫੀ ਸਦੀ ਸੱਚ ਹੈ। ਇਹ ਸੱਚ ਭਾਵੇਂ ਸਾਡੀ ਸਮਝ ਵਿਚ, ਹਾਲੇ ਆਇਆ ਹੋਵੇ ਜਾਂ ਨਾ ਆਇਆ ਹੋਵੇ ਪਰ ਹੈ ਇਹ ਸੱਚ। ਇਸ ਦੇ ਵਿਚ ਕੋਈ ਸ਼ਕ ਨਹੀਂ। ਹੁਣ ਮਸਲਾ ਇਹ ਹੈ ਕਿ ਗੁਰਬਾਣੀ ਸਾਰੀ ਦੇ ਅਰਥ ਤਾਂ ਅਸੀਂ ਜਾਣਦੇ ਨਹੀਂ, ਟੀਕਾ ਕਾਰਾਂ ਦੇ ਕੀਤੇ ਹੋਏ ਟੀਕਿਆਂ ਦੇ ਆਧਾਰ ਤੇ ਹੀ ਅਸੀਂ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਜਦੋਂ ਇਕ ਹੀ ਤੁਕ ਦੇ, ਵਖੋ ਵਖ ਟੀਕਾ-ਕਾਰਾਂ ਨੇ ਵਖੋ ਵਖ ਅਰਥ ਕੀਤੇ ਹੋਣ ਜਾਂ ਕਿਸੀ ਇਕ ਟੀਕਾ ਕਾਰ ਨੇ ਹੀ ਅਥਵਾ ਅਥਵਾ ਕਰਕੇ, ਇਕ ਹੀ ਤੁਕ ਦੇ ਕਈ ਕਈ ਅਰਥ ਕੀਤੇ ਹੋਣ ਤਾਂ ਅਸੀਂ ਕਿਸ ਅਰਥ ਨੂੰ ਦਰੁਸਤ ਤੇ ਕਿਸ ਅਰਥ ਨੂੰ ਗਲਤ ਮੰਨਾਂਗੇਂ ? ਕਿਸ ਅਰਥ ਨੂੰ ਸੱਚ ਮਨ ਕੇ ਜੀਵਨ ਉਸ ਅਰਥ ਅਨੁਸਾਰ ਢਾਲਾਂਗੇ। ਸੰਤ ਕਿਰਪਾਲ ਸਿੰਘ ਵਲੋਂ ਜਪੁਜੀ ਸਾਹਿਬ ਦੇ ਟੀਕੇ ਵਿਚ ਇਕ ਇਕ ਤੁਕ ਦੇ ਕਈ ਕਈ ਅਰਥ ਕੀਤੇ ਮਿਲਦੇ ਹਨ। ਜਦੋਂ ਇਕ ਹੀ ਤੁਕ ਦੇ ਕਈ ਕਈ ਅਰਥ ਹੋਣ ਤਾਂ ਸਾਰੇ ਹੀ ਅਰਥ ਤਾਂ ਦਰੁਸਤ ਨਹੀਂ ਹੋ ਸਕਦੇ। ਅਸੀਂ ਕਿਸ ਅਰਥ ਨੂੰ ਦਰੁਸਤ ਤੇ ਕਿਸ ਨੂੰ ਗਲਤ ਮੰਨਾਂਗੇ ?



www.AKJ.Org

ਗਿਆਨੀ ਹਰਬੰਸ ਸਿੰਘ ਜੀ ਚੰਡੀਗੜ੍ਹ ਵਾਲਿਆਂ ਨੇ ਜਪੁਜੀ ਸਾਹਿਬ ਦਾ ਜੋ ਟੀਕਾ ਕੀਤਾ ਹੈ ਉਸ ਦੇ ਵਿਚ "ਤਿਥੈ ਸੀਤੋ ਸੀਤਾ ਮਹਿਮਾ ਮਾਹਿ।।" ਦੀ ਤੁਕ ਦੇ ਅਰਥ, ਪੰਥ ਦੇ ਸੱਤ ਉਘੇ ਵਿਦਵਾਨਾਂ ਵਲੋਂ ਕੀਤੇ ਹੋਏ ਪੇਸ਼ ਕੀਤੇ ਹਨ ਜਿਨ੍ਹਾਂ ਦੇ ਨਾਮ ਇਹ ਹਨ 1. ਭਾਈ ਮਨੀ ਸਿੰਘ ਜੀ ਗਿਆਨੀ, 2. ਭਾਈ ਸੰਤੋਖ ਸਿੰਘ ਜੀ, 3. ਭਾਈ ਕਾਨ੍ਹ ਸਿੰਘ ਜੀ ਨਾਭਾ, 4. ਪ੍ਰੋਫੈਸਰ ਸਾਹਿਬ ਸਿੰਘ ਜੀ, 5. ਪ੍ਰਿੰਸੀਪਲ ਤੇਜਾ ਸਿੰਘ ਜੀ, 6. ਪੰਡਤ ਤਾਰਾ ਸਿੰਘ ਜੀ ਨਰੋਤਮ, 7. ਭਾਈ ਵੀਰ ਸਿੰਘ ਜੀ। ਇਨ੍ਹਾਂ ਵਲੋਂ ਕੀਤੇ ਅਰਥ ਸਭ ਵੱਖੋ ਵਖ ਹਨ। ਇਕ ਦੂਜੇ ਨਾਲ ਨਹੀਂ ਮਿਲਦੇ। ਸੱਤ ਦੇ ਸੱਤ ਹੀ ਅਰਥ ਦਰੁਸਤ ਨਹੀਂ ਹੋ ਸਕਦੇ। ਸਾਡੀ ਤੁਛ ਜੇਹੀ ਬੁਧੀ, ਇਨ੍ਹਾਂ ਮਹਾਨ ਵਿਦਵਾਨਾਂ ਦੇ ਅਰਥਾਂ ਨੂੰ ਗਲਤ ਆਖਣ ਦੀ ਸਮਰੱਥਾ ਨਹੀਂ ਰਖਦੀ। ਐਸੀ ਹਾਲਤ ਵਿਚ ਅਸੀਂ ਕਿਸ ਦੇ ਅਰਥਾਂ ਦੇ ਮਗਰ ਲਗੀਏ ? ਜਪੁਜੀ ਸਾਹਿਬ ਵਿਚ ਪੰਜ ਖੰਡਾਂ ਦਾ ਜ਼ਿਕਰ ਆਉਂਦਾ ਹੈ। ਇਸ ਦੇ ਅਰਥ ਪ੍ਰੋਫੈਸਰ ਸਾਹਿਬ ਸਿੰਘ ਜੀ ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਕੀਤੇ ਹਨ, ਜੋ ਇਕ ਦੂਸਰੇ ਤੋਂ ਵਖਰੇ ਹਨ। ਦੋਨੋਂ ਹੀ ਪੰਥ ਦੇ ਮਹਾਨ ਵਿਦਵਾਨ ਸਨ। ਮਿਸਾਲਾਂ ਤਾਂ ਹੋਰ ਭੀ ਪੇਸ਼ ਕੀਤੀਆਂ ਜਾ ਸਕਦੀਆਂ ਹਨ ਪਰ ਨਤੀਜਾ ਸਭ ਦਾ ਇਕੋ ਹੀ ਹੈ ਕਿ ਕਿਸ ਦੇ ਅਰਥਾਂ ਨੂੰ ਦਰੁਸਤ ਤੇ ਕਿਸ ਦੇ ਅਰਥਾਂ ਨੂੰ ਗਲਤ ਆਖਾਂਗੇ ? ਆਖਾਂਗੇ ਤਾਂ ਕਿਸ ਆਧਾਰ ਤੇ ? ਜਦੋਂ ਸਾਰਿਆਂ ਦੀ ਘੋਖ ਕਰਾਂਗੇ ਤਾਂ, ਕਿਆ, ਕਿਉਂ, ਕਿਵੇਂ, ਕਿਥੇ ਆਦਿ ਦੇ ਪ੍ਰਸ਼ਨ ਚਿੰਨ੍ਹ ਤਾਂ ਲਗਣਗੇ ਹੀ। ਡਾਕਟਰ ਸਾਹਿਬ ਦਾ ਫੁਰਮਾਨ ਹੈ ਕਿ ਪ੍ਰਸ਼ਨ ਚਿੰਨ੍ਹ ਲਾ ਕੇ ਘੋਖ ਕਰਨੇ ਵਾਲਾ ਸਿੱਖ ਨਹੀਂ ਹੋ ਸਕਦਾ।

ਸਿੱਖ ਨਹੀਂ ਹੋ ਸਕਦਾ ਦੇ ਸੰਬੰਧ ਵਿਚ ਅਰਜ਼ ਹੈ ਕਿ ਪੰਥ ਦੀ ਪਰਵਾਨਤ ਮਰਯਾਦਾ ਅਨੁਸਾਰ ਚਾਰ ਬੱਜਰ ਕੁਰਿਹਤਾਂ ਵਿਚੋਂ ਕਿਸੀ ਇਕ ਜਾਂ ਇਕ ਤੋਂ ਵੱਧ ਰਹਿਤ ਦੀ ਉਲੰਘਣਾ ਕਰਨੇ ਵਾਲਾ ਪਤਿਤ ਹੈ। ਇਨ੍ਹਾਂ ਵਿੱਚੋਂ ਕੋਈ ਕੁਰਹਿਤ ਭੀ ਹੋ ਜਾਵੇ ਤਾਂ ਮੁੜ ਕੇ ਅੰਮ੍ਰਿਤ ਛਕਣਾ ਪਵੇਗਾ। ਰਹਿਤ ਮਰਯਾਦਾ ਵਿਚ ਇਹ ਕਿਤੇ ਭੀ ਦਰਜ ਨਹੀਂ ਹੈ ਕਿ ਕਿਸੀ ਭੀ ਗੁਰ ਹੁਕਮ ਨੂੰ ਸਮਝਣ ਲਈ, ਸਾਇੰਸ ਦੀ ਮਦਦ ਲੈ ਕੇ ਸਮਝਣੇ ਵਾਲਾ ਪਤਿਤ ਹੈ ਜਾਂ ਸਿਖ ਨਹੀਂ ਹੋ ਸਕਦਾ! ਕਿਆ ਬਿਨਾਂ ਕਿਸੀ ਬੱਜਰ ਕੁਰਹਿਤ ਦੇ ਕੀਤਿਆਂ, ਕਿਸੀ ਤੇ, ਸਿਧੇ ਜਾਂ ਅਸਿਧੇ, Direct ਜਾਂ Indirect ਜਾਂ ਇਸ਼ਾਰੇ ਦੇ ਤੌਰ ਤੇ ਇਹ ਫਤਵਾ ਲਾ ਦੇਣਾ ਕਿ ਓਹ ਸਿਖ ਨਹੀਂ ਹੋ ਸਕਦਾ ਤਾਂ ਕਿਆ ਇਹ ਜਾਣ ਬੁਝ ਕੇ ਜਾਂ ਅਣਜਾਣੇ, ਉਸ ਸ਼ਖਸ਼ ਦੀ ਤੋਹੀਨ ਨਹੀਂ ਕੀਤੀ ਜਾ ਰਹੀ ? ਚਲੋ ਖੈਰ।

ਜਦੋਂ ਪ੍ਰਸ਼ਨ ਚਿਨ੍ਹ ਲਾ ਕੇ ਅਸੀਂ ਘੋਖ ਕਰ ਨਹੀਂ ਸਕਦੇ। ਸਾਇੰਸ ਦੀ ਰੌਸ਼ਨੀ ਵਿਚ ਅਸੀਂ ਸਚੇ ਨਹੀਂ ਹੋ ਸਕਦੇ ਤਾਂ ਕਿਆ ਅਖਾਂ ਮੀਟ ਕੇ ਜੋ ਕੁਝ ਭੀ ਸਾਡੀ ਤੁਛ ਬੁਧੀ ਦੀ ਸਮਝ ਵਿਚ ਆਵੇ, ਉਸ ਤੇ ਹੀ ਅਮਲ ਕਰੀਏ ? ਕਿਆ ਐਸੀ ਕਾਰਵਾਈ ਨੂੰ ਅੰਧ ਵਿਸ਼ਵਾਸ਼ ਨਹੀਂ ਆਖਿਆ ਜਾਵੇਗਾ ? ਅੰਧ ਵਿਸ਼ਵਾਸ਼ ਦੇ ਨਤੀਜੇ ਖਤਰਨਾਕ ਹਾਲਤ ਤਕ ਗਲਤ ਹੁੰਦੇ ਦੇਖੇ ਗਏ ਹਨ। ਪਿਛਲੇ ਸਾਲ ਅਮਰੀਕਾ ਵਿਚ, ਇਕ ਧਾਰਮਕ ਆਗੂ ਤੇ ਅੰਧ ਵਿਸ਼ਵਾਸ਼ ਦੇ ਸਿਟੇ ਵਜੋਂ 90 ਬੰਦੇ ਜੀਉਂਦੇ ਸੜ ਕੇ ਮਰ ਗਏ। ਇਸ ਸਾਲ ਭੀ, ਥੋੜੇ ਚਿਰ ਦੀ ਗਲ ਹੈ ਇਕ ਹੋਰ ਧਾਰਮਕ ਲਾਗੂ ਤੇ ਇਹ ਵਿਸ਼ਵਾਸ਼ ਕਰਦੇ ਹੋਏ ਕਿ ਬਹਿਸ਼ਤ ਦੇ ਦਰਵਾਜੇ ਖੁਲੇ ਹਨ , ਅਮਰੀਕਾ ਦੇ ਵਖੋ ਵਖ ਸ਼ਹਿਰਾਂ ਵਿਚ ਇਕੋ ਹੀ ਸਮੇਂ 38 ਬੰਦਿਆਂ ਨੇ ਜ਼ਹਿਰ ਖਾ ਕੇ ਆਤਮ ਹੱਤਿਆ ਕਰ ਲਈ। ਬਹਿਸ਼ਤ ਦੇ ਦਰਵਾਜੇ ਤਾਂ ਪਤਾ ਨਹੀਂ ਕਿ ਖੁਲੇ ਜਾਂ ਨਹੀਂ, ਇਸ ਦੁਨੀਆਂ ਦੇ ਦਰਵਾਜੇ ਤਾਂ ਬੰਦ ਹੋ ਹੀ ਗਏ। ਇਸ ਲਈ ਦਾਸ ਅੰਧ ਵਿਸ਼ਵਾਸ਼ ਦੇ ਹੱਕ ਵਿਚ ਤਾਂ ਬਿਲਕੁਲ ਨਹੀਂ ਪਰ ਧਾਰਮਿਕ ਰਾਹ ਤੇ ਚੱਲਣ ਲਈ ਸ਼ਰਧਾ ਇਕ ਲੋੜੀਂਦੀ ਅੰਗ ਜ਼ਰੂਰ ਹੈ। ਡਾਕਟਰ ਸਾਹਿਬ ਅਨੁਸਾਰ, ਭਾਈ ਲਹਿਣਾ ਜੀ ਦਾ, ਮੁਰਦੇ ਨੂੰ ਖਾਣਾ, ਜੇਠਾ ਜੀ ਦਾ ਬਾਰ ਬਾਰ ਢਾਹ ਕੇ ਥੜਾ ਬਣਾਉਣਾ, ਗੁਰੂ ਗੋਬਿੰਦ ਸਿੰਘ ਜੀ ਦਾ ਇਕ ਸਿਖ ਨੂੰ ਬੰਦੂਕ ਟੈਸਟ ਕਰਨ ਲਈ ਟਾਰਗਟ ਬਣਾਉਣਾ ਅਤੇ ਪੰਜ ਪਿਆਰਿਆਂ ਦੀ ਚੋਣ ਆਦਿ, ਇਨ੍ਹਾਂ ਸਭ ਦਾ ਸੰਬੰਧ, ਗੁਰੂ ਪ੍ਰਤੀ ਸ਼ਰਧਾ ਨਾਲ ਹੈ। ਉਨ੍ਹਾਂ ਦੀ ਇਹ ਸ਼ਰਧਾ ਸਾਲਾਹੁਣ ਯੋਗ ਹੈ। ਇਸ ਤੋਂ ਕਿਸੀ ਨੂੰ ਭੀ ਕੋਈ ਇਨਕਾਰ ਨਹੀਂ ਹੋ ਸਕਦਾ। ਸ਼ਰਧਾ ਵਖਰੀ ਸ਼ੈ ਹੈ ਤੇ ਅੰਧ ਵਿਸ਼ਵਾਸ਼ ਇਕ ਵਖਰੀ ਸ਼ੈ।

ਰਹੀ ਗਲ ਕੌੜੇ ਰੀਠੇ ਮਿਠੇ ਹੋਣ ਦੀ। ਕੌੜੇ ਰੀਠੇ ਮਿਠੇ ਕਿਸ ਨੇ ਕੀਤੇ ? ਗੁਰੂ ਨਾਨਕ ਦੇਵ ਜੀ ਨੇ। ਗੁਰੂ ਨਾਨਕ ਦੇਵ ਜੀ ਕੌਣ ਸਨ ? "ਆਪਿ ਨਾਰਾਇਣ ਕਲਾਧਾਰ ਜਗ ਮਹਿ ਪਰਵਰਉ ਨਿਰੰਕਾਰ ਆਕਾਰੁ ਜੋਤਿ ਜਗ ਮੰਡਲਿ ਕਰਿਯਉ" (1395) ਅਨੁਸਾਰ, ਗੁਰੂ ਨਾਨਕ ਦੇਵ ਜੀ, ਨਿਰੰਕਾਰੀ ਜੋਤਿ ਦੇ ਆਕਾਰੀ ਸਰੂਪ ਸਨ। ਜਦੋਂ ਨਿਰੰਕਾਰ, ਸੰਸਾਰ ਦੀ ਰਚਨਾ ਕਰ ਸਕਦਾ ਹੈ ਤਾਂ



www.AKJ.Org

ਉਸੀ ਦੇ ਆਕਾਰੀ ਸਰੂਪ, ਗੁਰੂ ਨਾਨਕ ਦੇਵ ਜੀ ਲਈ, ਕੌੜੇ ਰੀਠੇ ਮਿਠੇ ਕਰਨਾ ਕੋਈ ਅਚੰਭੇ ਵਾਲੀ ਗਲ ਨਹੀਂ। ਡਾਕਟਰ ਸਾਹਿਬ ਦਾ ਕੌੜੇ ਰੀਠੇ ਮਿਠੇ ਕਰਨ ਦੀ ਗਲ ਦਾ ਉਪਰ ਲਿਖੀ ਸ਼ਰਧਾ ਵਾਲੀਆਂ ਗਲਾਂ ਨਾਲ ਤਾਂ ਕੋਈ ਸੰਬੰਧ ਨਜ਼ਰ ਨਹੀਂ ਆਉਂਦਾ। ਇਸ ਲਈ ਇਸ ਪਿਛੇ ਡਾਕਟਰ ਸਾਹਿਬ ਦੀ ਭਾਵਨਾ ਕਿਆ ਹੈ ? ਇਸ ਨੂੰ ਦਾਸ ਸਮਝ ਨਹੀਂ ਸਕਿਆ। ਬਿਨ੍ਹਾਂ ਭਾਵ ਨੂੰ ਸਮਝਿਆਂ, ਕੋਈ ਅਟਕਲ ਪੱਚੂ ਉਤਰ ਦੇਣਾ ਉਚਿਤ ਨਹੀਂ ਹੈ ।

ਡਾਕਟਰ ਸਾਹਿਬ ਨੇ ਦਾਸ ਦੇ ਜਿਸ ਲੇਖ ਤੇ ਟੀਕਾ ਟਿਪਣੀ ਕੀਤੀ ਹੈ ਉਸ ਲੇਖ ਵਿਚ ਗੁਰਬਾਣੀ ਦੀ ਸਿਰਫ ਇਕ ਤੁਕ "ਜਿਨ੍ਹਾਂ ਸਾਸਿ ਗਰਾਸਿ ਨ ਵੀਸਰੈ ਹਰ ਨਾਮਾ ਮਨ ਮੰਤ" ਹੀ ਆਈ ਹੈ। ਇਸ ਤੁਕ ਦੇ ਨਾ ਹੀ ਅਰਥ ਹੀ ਕੀਤੇ ਹਨ ਅਤੇ ਨਾ ਹੀ ਕੋਈ ਹੋਰ ਪੜਚੋਲ। ਪਰ ਫੇਰ ਭੀ ਡਾਕਟਰ ਸਾਹਿਬ ਦੇ ਮਨ ਨੂੰ ਇਤਨਾ ਦੁਖ ਪਹੁੰਚਿਆ ਕਿ ਓਹ ਦਾਸ ਨੂੰ ਸਿਖ ਨਾ ਹੋਣ ਦਾ ਫਤਵਾ ਦੇਣ ਤਕ ਚਲੇ ਗਏ। ਐਸਾ ਕਿਉਂ ਹੋਇਆ ? ਇਸ ਦਾ Motive ਕੀ ਹੈ ? ਇਹ ਦਾਸ ਦੀ ਸਮਝ ਤੋਂ ਹਾਲੇ ਤਕ ਬਾਹਰ ਹੈ।

ਜਿਥੋ ਤੱਕ ਦਾਸ ਨੇ ਸਮਝਣ ਦੀ ਕੋਸ਼ਿਸ਼ ਕੀਤੀ ਹੈ, ਉਸ ਅਨੁਸਾਰ ਡਾਕਟਰ ਸਾਹਿਬ ਦਾ Motive ਇਹ ਹੋ ਸਕਦਾ ਹੈ ਕਿ ਚੂੰਕਿ ਗੁਰਬਾਣੀ ਤੱਤ ਸੱਚ ਹੈ, ਇਸ ਲਈ ਇਸ ਦੀ ਕਿਸੀ ਭੀ ਹਾਲਤ ਵਿਚ ਕੋਈ ਖੋਜ ਪੜਤਾਲ ਨਹੀਂ ਹੋਣੀ ਚਾਹੀਦੀ। ਭਾਵੇਂ ਉਸ ਖੋਜ ਦਾ ਆਧਾਰ ਸਾਇੰਸ ਹੋਵੇ ਜਾਂ ਦਲੀਲ। ਜੇ ਉਨ੍ਹਾਂ ਦਾ Motive ਇਹ ਹੋਵੇ ਤਾਂ ਇਸ ਦੇ ਸੰਬੰਧ ਵਿਚ ਅਰਜ਼ ਹੈ ਕਿ, ਇਥੇ ਇੰਗਲੈਂਡ ਵਿਚ, ਇਥੋਂ ਦੇ ਅਖਬਾਰ Daily Mail ਵਿਚ ਇਸੀ ਜੂਨ ਦੇ ਮਹੀਨੇ, ਇਕ ਲੰਮਾ ਚੌੜਾ ਆਰਟੀਕਲ ਦੋ ਦਿਨ ਛਪਦਾ ਰਿਹਾ, ਜਿਸ ਦਾ ਨਿਚੋੜ ਸੀ ਕਿ God, ਵਲੋਂ ਬਾਈਬਲ Encoded language ਵਿਚ ਬਿਆਨ ਕੀਤੀ ਗਈ ਹੈ। ਲੇਖ ਦੇ ਲਿਖਾਰੀ ਨੇ ਕਈ ਸਾਲ ਲਗਾਤਾਰ ਮੇਹਨਤ ਪਿਛੋਂ ਕੰਮਪਿਊਟਰ ਦੀ ਮੱਦਦ ਨਾਲ, ਬਾਈਬਲ ਦੇ Code ਦੀ Key ਲਭੀ ਹੈ, ਜਿਸ ਦੀ ਮਦਦ ਨਾਲ ਬਾਈਬਲ ਦਾ ਥੋੜਾ ਜਿਹਾ ਹਿਸਾ Decode ਕੀਤਿਆਂ, ਹਿਟਲਰ ਵਲੋਂ ਜੰਗ Gulf war, ਅਮਰੀਕਾ ਦੇ ਪਰਧਾਨ ਕੈਨੇਡੀ ਦਾ ਕਤਲ ਆਦਿ ਕਈ ਇਕ ਵਾਕਿਆਤ ਦਾ ਪਤਾ ਚਲਿਆ ਹੈ। ਉਸ ਦਾ ਕਹਿਣਾ ਹੈ ਕਿ ਬਾਈਬਲ Supper Intelligent Power ਜਾਂ God ਵਲੋਂ ਬਿਆਨ ਕੀਤਾ ਤੱਤ ਸੱਚ ਹੈ। ਇਸੀ ਤਰਾਂ ਹੀ ਮੁਸਲਿਮ ਮੱਤਿ ਦਾ ਆਖਣਾ ਹੈ ਕਿ 'ਕੁਰਆਨ ਸ਼ਰੀਫ,' ਅਲਾ-ਤਾ ਆਲਾ ਤੋਂ ਨਾਜਲ ਹੋਈ। ਹਿੰਦੂ ਆਖਦੇ ਹਨ ਕਿ 'ਵੇਦ ਬ੍ਰਹਮ ਵਾਕ ਹਨ। ਅਸੀਂ ਸਿਖ ਆਖਦੇ ਹਾਂ ਕਿ ਗੁਰਬਾਣੀ,ਧੁਰ ਕੀ ਬਾਣੀ ਜਾਂ ਅਕਾਲ ਪੁਰਖ ਤੋਂ ਪਰਾਪਤ ਹੋਈ ਇਲਾਹੀ ਬਾਣੀ ਹੈ। ਇਸੀ ਤਰਾਂ ਹੀ ਹੋਰ ਭੀ ਜਿਤਨੇ ਮੱਤਿ ਹਨ, ਅਪਣੇ ਅਪਣੇ ਧਰਮ ਗ੍ਰੰਥ ਨੂੰ ਖੁਦਾਈ ਹੁਕਮ ਮੰਨਦੇ ਹਨ। ਤੇ ਇਨ੍ਹਾਂ ਹੁਕਮਾਂ ਨੂੰ ਤੱਤ ਸੱਚ ਆਖਦੇ ਹਨ।

ਵਖੋ ਵਖ ਧਰਮ ਗ੍ਰੰਥਾਂ ਅੰਦਰ ਬਿਆਨ ਹੋਏ ਤੱਤ ਦੀ ਪਰਖ ਲਈਂ, ਵੰਨਗੀ ਵਜੋਂ ਸੰਸਾਰ ਦੀ ਰਚਨਾ ਨੂੰ ਹੀ ਲੈ ਲਈਏ। ਬਾਈਬਲ ਅਨੁਸਾਰ ਸੰਸਾਰ ਦੀ ਰਚਨਾ God ਨੇ ਛੇ ਦਿਨਾ ਵਿਚ ਕੀਤੀ ਫੇਰ ਸਤਵੇਂ ਦਿਨ ਆਰਾਮ ਕੀਤਾ। ਕੁਰਆਨ ਸ਼ਰੀਫ ਅਨੁਸਾਰ, ਅੱਲਾ ਤਾ ਆਲਾ ਦੇ 'ਕੁਨ ਆਖਣ ਤੇ ਸੰਸਾਰ ਦੀ ਰਚਨਾ ਹੋਈ। ਗੁਰਮੱਤਿ ਅਨੁਸਾਰ "ਕੀਤਾ ਪਸਾਉ ਏਕੋ ਕਵਾਉ" (ਜਪੁਜੀ-ਪਉੜੀ16) ਜਾਂ "ਏਕ ਕਵਾਵੈ ਤੇ ਸਭਿ ਹੋਆ।।" (ਪੰਨਾ1003) ਵਿਲਟਵੋਡਲ (Viltovodale) ਦੇ ਇਕ ਕਬੀਲੇ, ਜਟਰਾ- ਵਰਟਿਡ (Jatravarted) ਨਾਮੇ ਲੋਕਾਂ ਦਾ ਵਿਚਾਰ ਹੈ ਕਿ ਉਨ੍ਹਾਂ ਦੇ ਖੁਦਾ, ਜਿਸ ਨੂੰ ਓਹ ਗਰੇਟ ਗਰੀਨ-ਆਰਕਲੇਸੀਜ਼ਰ (great green Arklesiezer) ਆਖਦੇ ਹਨ, ਨੇ ਨੱਕ ਸਿਣਕਿਆਂ। ਨੱਕ ਸਿਣਕਣ ਤੇ ਜੋ ਮਵਾਦ ਨੱਕ ਵਿੱਚੋ ਨਿਕਲਿਆ ਉਸ ਤੋਂ ਸੰਸਾਰ ਦੀ ਰਚਨਾ ਹੋਈ । ਹੁਣ ਅਸੀ ਕਿਸ ਨੂੰ ਸੱਚ ਤੇ ਕਿਸ ਨੂੰ ਗਲਤ ਆਖਾਂਗੇ। ਜੇ ਕਿਸੀ ਨੂੰ ਭੀ ਗਲਤ ਆਖਾਂਗੇ ਤਾਂ ਈਰਾਨ ਦੇ ਆਇਤ ਉਲਾ ਖੁਮੈਨੀ ਦੇ ਕਤਲ ਦੇ ਫਤਵੇ ਤੋਂ ਡਰਦੇ, ਸੁਲੇਮਾਨ ਰਸ਼ਦੀ ਵਾਂਗੂ, ਸਾਨੂੰ ਭੀ ਲੁਕ ਛਿਪ ਕੇ ਦਿਨ ਕੱਟਣੇ ਪੈਣਗੇ। ਸਿਆਣੇ ਆਖਦੇ ਹਨ ਕਿ ਕਿਸੀ ਤੇ ਨੁਕਤਾ ਚੀਨੀ ਕਰਨ ਤੋਂ ਪਹਿਲਾ ਆਪਣੀ ਪੀੜੀ ਥੱਲੇ ਸੋਟਾ ਫੇਰ ਲੈਣਾ ਚਾਹੀਦਾ ਹੈ। ਇਸ ਲਈ ਜੇ ਦੂਸਰੇ ਧਰਮਾਂ ਦੇ ਸੱਚ ਝੂਠ ਨੂੰ ਪਰਖਣਾ ਹੈ ਤਾਂ ਸਾਨੂੰ ਪਹਿਲਾਂ ਆਪਣੇ ਧਰਮ ਦੀ ਪਰਖ ਭੀ ਕਰ ਲੈਣੀ ਚਾਹੀਦੀ ਹੈ। ਸੱਚ ਨੂੰ ਝੂਠ ਦੇ ਕੰਡੇ ਤੇ ਰਖ ਕੇ ਨਹੀਂ ਤੋਲਿਆ ਜਾ ਸਕਦਾ। ਮਿਥਿਹਾਸਕ ਕਥਾ ਕਹਾਣੀਆਂ, ਫਰਜ਼ੀ, ਖਿਆਲੀ ਹੁੰਦੀਆਂ ਹਨ। ਇਹ ਹੀ ਕਾਰਨ ਹੈ ਕੇ ਇਥੇ ਇੰਗਲੈਂਡ ਦੇ ਬੱਚੇ ਮਿਥਿਹਾਸਕ ਢੰਗ ਦੇ ਪਰਚਾਰ ਨੂੰ ਨਹੀਂ ਮੰਨਦੇ। ਇਸ ਲਈ ਇਨ੍ਹਾਂ ਬੱਚਿਆਂ ਨੂੰ ਸਮਝੌਣ ਲਈ, ਜਾਂ ਦੂਸਰੇ ਮੱਤਾਂ ਵਾਲਿਆ ਨੂੰ ਸਿਖ ਧਰਮ ਬਾਰੇ ਸਮਝਾਉਣ ਲਈ, ਠੋਸ ਦਲੀਲ ਜਾਂ ਸਾਇੰਸ ਦਾ ਸਹਾਰਾ ਲੈਣ ਤੋਂ ਬਗੈਰ ਹੋਰ ਕੋਈ ਰਾਹ ਨਹੀਂ।



www.AKJ.Org

# ਗੁਰਮਤਿ ਅਧਿਆਤਮਕ ਕਰਮ ਫ਼ਿਲਾਸਫ਼ੀ

(ਗੁਰਪੁਰਵਾਸੀ ਭਾ: ਸ: ਭਾ: ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਦੇਖੋ ਸੂਰਾ ਅਗਸਤ ੯੭)

## ੫–ਭਾਗੁ

ਪੂਰਬਲੇ ਕਰਮ ਸੰਜੋਗੀ ਲੇਖਾਂ ਕਰ ਕੇ ਵਰਤਮਾਨ ਜਨੰਮੀ ਭਾਗੁ ਉਦੇ ਹੁੰਦਾ ਹੈ। ਤਾਂਤੇ ਪਿਛਲੇ ਕਾਂਡ ਦੇ ਨਾਲਿ ਹੀ ਇਸ ਪ੍ਰਥਾਇ ਜ਼ਿਕਰ ਕਰਨਾ ਭੀ ਜ਼ਰੂਰੀ ਹੈ। ਗੁਰਬਾਣੀ ਵਿਖੇ ਜਿਥੇ ਕਿਤੇ ਭੀ 'ਕਰਮ' ਪਦ ਭਾਗੁ ਦੇ ਅਰਥਾਂ ਵਿਚਿ ਆਇਆ ਹੈ, ਤਿਸ ਸਬੰਧੀ ਕੁਛ ਕੁ ਵੀਚਾਰ-ਨਿਰਣਾ ਕੀਤਾ ਜਾਂਦਾ ਹੈ। ਭਾਗ ਦੇ ਅਰਥਾਂ ਵਾਲੇ ਕਰਮ ਤੋਂ ਆਨਮਤੀਆਂ ਦੀ ਮੁਰਾਦ ਤਾਂ ਦੁਨਿਆਵੀ ਕਰਮ ਭਾਗ ਦੀ ਹੈ। ਪ੍ਰੰਤੂ ਗੁਰਮਤਿ ਅੰਦਰਿ 'ਕਰਮ' ਪਦ ਦੇ ਭਾਗਾਂ ਵਾਲੇ ਅਰਥ ਮਹਿਜ਼ ਪਰਮਾਰਥੀ ਹਨ, ਕਿਸੇ ਨੂੰ ਦੁਨਿਆਵੀ ਐਸਵਰਜ ਮਿਲਣਾ ਭੀ ਕੋਈ ਕਰਮੁ (ਭਾਗੁ) ਹੈ ? ਰਾਜ ਭਾਗ ਭੀ ਪਰਮਾਰਥੀਆਂ ਗੁਰਮਤਿ ਪਰਮਾਰਥੀਆਂ ਨਿਕਟ ਕੋਈ ਭਾਗ, ਕਿਸਮਤ ਯਾ ਕਰਮ ਨਹੀਂ। ਏਹ ਸਭ ਹੇਚ ਕਰਮ ਵਿਭਾਗੀ ਅਰਥ ਹਨ। ਜਿਨ੍ਹਾਂ ਦੀ ਗੁਰਮਤਿ ਅੰਦਰਿ ਕੋਈ ਕਦਰੋ ਕੀਮਤ ਨਹੀਂ। ਕਿਉਂਕਿ ਏਹ ਸਭ ਚੁਰਾਸੀ ਦੇ ਗੇੜ ਵਿਚਿ ਲੈ ਜਾਣ ਵਾਲੇ ਹਨ। ਜਿਨ੍ਹਾਂ ਦਾ ਸਵਿਸਥਾਰ ਜ਼ਿਕਰ ਲੋੜ ਪਈ ਤਾਂ ਕਿਸੇ ਹੋਰ ਕਾਂਡ ਵਿਚਿ ਕੀਤਾ ਜਾਵੇਗਾ। ਏਥੇ ਏਸ ਕਾਂਡ ਵਿਖੇ ਤਾਂ ਗੁਰਮਤਿ ਦ੍ਰਿੜੰਮੀ ਪਰਮਾਰਥ ਦੇ ਭਾਵ ਭਾਗ ਅਰਥੀ ਕਰਮ ਪ੍ਰਥਾਇ ਕੁਝ ਵੀਚਾਰ ਨਿਰਣਾ ਕਰਨਾ ਉਚਿਤ ਹੈ। ਸੋ ਗੁਰਵਾਕ ਪਰਮਾਣ ਦੇ ਕੇ ਅਰੰਭ ਕੀਤਾ ਜਾਂਦਾ ਹੈ :-

ਗੁਰ ਕੈ ਬਚਨਿ ਜਾਗਿਆ ਮੇਰਾ ਕਰਮੁ॥
ਨਾਨਕ ਗੁਰੁ ਭੇਟਿਆ ਪਾਰ ਬ੍ਰਹਮ॥੮॥੬॥
(ਗਉੜੀ ਮਹਲਾ ੫)

ਗੁਰੂ ਨਾਨਕ, ਪਾਰ ਬ੍ਰਹਮ ਰੂਪ ਗੁਰੂ ਨਾਨਕ ਇਸ ਕਲੀ ਕਾਲ ਵਿਖੇ ਜਿਨ੍ਹਾਂ ਪ੍ਰਾਨੀਆਂ ਨੂੰ ਆਇ ਮਿਲਿਆ ਹੈ। ਜਿਨ੍ਹਾਂ ਪ੍ਰਾਨੀਆਂ ਨੇ ਜਿਸ ਜਿਸ ਜਗਿਆਸੂ ਨੇ ਪਾਰਬ੍ਰਹਮ ਪਰਮੇਸਰ ਦਾ ਰੂਪ ਸਤਿਗੁਰੁ ਨਾਨਕ ਭੇਟਿਆ ਹੈ। ਜੋ ਜੋ ਪ੍ਰਾਨੀ ਕਲਜੁਗ ਵਿਖੇ ਗੁਰੂ ਨਾਨਕ ਪਾਰਬ੍ਰਹਮ ਦੀ ਸਰਨਾਗਤਿ ਆਏ ਹਨ ਤਿਨ੍ਹਾਂ ਦਾ ਕਰਮੁ ਤਿਨ੍ਹਾਂ ਦਾ ਜਨਮ ਜਨਮ ਦੇ ਸੁਤਿਆਂ ਦਾ ਭਾਗੁ ਜਾਗ ਉਠਿਆ ਹੈ। ਕਿਉਂਕਿ ਓਹਨਾਂ ਨੂੰ ਗੁਰੂ ਕੇ ਬਚਨ ਰੂਪੀ ਦੀਖਿਆ ਦੁਆਰਾ ਗੁਰਮੰਤ੍ਰ ਮਿਲਿਆ ਹੈ। ਜਿਸ ਦੇ ਕਾਰਨ ਓਹਨਾਂ ਦਾ ਨਿਸਤਾਰਾ, ਭਵਜਲ ਤੋਂ ਪਾਰ ਉਤਾਰਾ ਹੋ ਗਿਆ ਹੈ। ਏਦੂੰ ਵਡਾ ਕਰਮੁ, ਇਸ ਤੋਂ ਉੱਚਾ ਭਾਗ ਕਿਸਦਾ ਹੋ ਸਕਦਾ ਹੈ। ਜਿਸਦਾ ਪਰਲੋਕ ਸੰਵਰਨ ਦਾ ਪਰਮਾਰਥੀ ਕਰਮੁ= ਸਚਾ ਭਾਗ ਸੁਭਾਗ ਖੁਲ੍ਹ ਗਿਆ ਹੈ। ਇਹ ਕਰਮ ਸੁਕਰਮੀ ਮਰਾਤਬਾ ਕਿਸੇ ਉਚੇ ਕਰਮ ਉਚੇ ਭਾਗਾਂ ਵਾਲੇ ਨੂੰ ਹੀ ਮਿਲਦਾ ਹੈ। ਜਿਨ੍ਹਾਂ ਨੂੰ ਪਾਰਬ੍ਰਹਮ ਗੁਰੂ ਨਾਨਕ ਦੇ ਭੇਟਣ ਦਾ ਭਾਗ ਸੁਭਾਗੀ ਕਰਮ ਪ੍ਰਾਪਤ ਨਹੀਂ ਹੋਇਆ, ਜਿਨ੍ਹਾਂ ਦਾ ਇਹ ਜਾਗਿਆ ਨਹੀਂ, ਓਹ ਚੁਰਾਸੀ ਦੇ ਗੇੜ ਵਿਚਿ ਹੀ ਫਿਰਦੇ ਰਹਿੰਦੇ ਹਨ। ਤਿਨਾਂ ਦਾ ਆਵਾ ਗਵਨ ਆਉਣ ਜਾਣ ਕਦੇ ਮੁਕਦਾ ਮਿਟਦਾ ਨਹੀਂ।

ਜਿਸ ਦਾ ਪੂਰਬਲੇ ਕਰਮਾਂ ਦਾ ਲੇਖਾ ਪਰਖਿਆ ਜਾ ਕੇ ਜੋ ਜਗਿਆਸੂ ਗੁਰਮਤਿ ਕਸੌਟੀ ਤੇ ਚੜਕੇ ਪੂਰਾ ਉਤਰਦਾ ਹੈ, ਉਸ ਦੇ ਉਪਰ ਸੱਚੀ ਨਦਰ ਮੇਹਰ ਹੋ ਜਾਂਦੀ ਹੈ ਤਾਂ ਉਸਦੇ ਪੂਰੇ ਭਾਗ ਖੁਲ੍ਹਦੇ ਹਨ। ਇਸਿ ਬਿਧਿ ਪੂਰੇ ਕਰਿ ਵਾਹਿਗੁਰੂ ਦੇ ਵਸਲ ਸੰਜੋਗ ਸੁਹਾਗ ਨੂੰ ਪ੍ਰਾਪਤਿ ਹੋਈਦਾ ਹੈ। ਗੁਰੂ ਨਾਨਕ ਦੇ ਘਰ ਦੀ ਸਚੀ ਗੁਰ ਪੰਚ ਪਰਵਾਨੀ ਪੱਧ ਤੋਂ ਗੁਰੂ ਦੀਖਿਆ ਗੁਰਮੰਤ੍ਰੀ ਨਾਮੁ ਪ੍ਰਾਪਤ ਕੀਤਾ ਹੋਇਆ ਹੀ ਮਹਾਂ ਅੰਮ੍ਰਿਤ ਰਸੀ ਮਿਠਾਸ ਵਾਲਾ ਹੁੰਦਾ ਹੈ। ਇਸ ਮਿਠਾਸ ਰਸ ਵਿਚਿ ਸੁਆਦਤ ਹੋਈ ਸੁਰਤੀ ਸੁਰਤੀਸ਼ਰਾਂ ਦੀ ਸਦਾ ਹੀ ਜੁੜੀ ਰਹਿੰਦੀ ਹੈ। ਇਉਂ ਸਚਾ ਵਸਲ ਮੇਲ ਸਚੀ ਵਾਹਿਗੁਰੂ ਪ੍ਰਾਪਤੀ ਵਾਲਾ ਸਦਾ ਹੀ ਬਣਿਆ ਰਹਿੰਦਾ ਹੈ। ਯਥਾ ਗੁਰੁ ਵਾਕ :-

ਪਰਖਿ ਲੇਖਾ ਨਦਰਿ ਸਾਚੀ ਕਰਮਿ ਪੂਰੈ ਪਾਇਆ॥
ਨਾਨਕ ਨਾਮੁ ਮਹਾ ਰਸੁ ਮੀਠਾ ਗੁਰਿ ਪੂਰੈ ਸਚੁ ਪਾਇਆ॥

ਵਾਹਿਗੁਰੂ ਨਾਮ ਰੂਪੀ ਮਾਲ ਦੌਲਤ ਵਾਹਿਗੁਰੂ ਵਸਲ ਰੂਪੀ ਮਿਲਖ ਮਲਕੀਅਤ ਤਿਸ ਦੇ ਘਟ ਅੰਦਰਿ ਹੀ ਆਇ ਪ੍ਰਾਪਤਿ ਹੁੰਦੀ ਹੈ ਅਤੇ ਸਦਾ ਪ੍ਰਾਪਤਿ ਰਹਿੰਦੀ ਹੈ ਜਿਸਦੇ ਮਸਤਕ ਉਤੇ ਧੁਰਿ ਪੂਰਬਲੇ ਪੁੰਨ ਕਰਮਾਂ ਦਾ ਸਚਾ ਸੁਭਾਗੁ ਲਿਖਿਆ ਹੁੰਦਾ ਹੈ। ਯਥਾ ਗੁਰਵਾਕ :-

ਮਸਤਕਿ ਕਰਮੁ ਲਿਖਿਓ ਧੁਰਿ ਜਾਕੇ॥
ਹਰਿ ਸੰਪੈ ਨਾਨਕ ਘਰਿ ਤਾਕੈ॥ ਪਉੜੀ ੧੦॥
(ਗਉੜੀ ਬਾਵਨ ਅਖਰੀ)

ਜਿਸ ਭਾਗਠ ਜਨ ਦੇ ਪੂਰੇ ਭਾਗ ਹੁੰਦੇ ਹਨ ਓਹੀ ਗੁਰਮੁਖ ਸੰਤ ਜਨਾਂ ਦੀ ਸੰਗਤ ਦਾ ਸਦਕਾ ਸਿਮਰਨ ਅਭਿਆਸ ਵਿਚਿ ਦਿਨ ਰਾਤ ਤਤਪਰ ਹੋ ਕੇ ਜੁਟਦਾ ਹੈ। ਯਥਾ ਗੁਰਵਾਕ :-

"ਸੰਤ ਕ੍ਰਿਪਾ ਤੇ ਅਨਦਿਨ ਜਾਗ॥
ਨਾਨਕ ਸਿਮਰਨ ਪੂਰੈ ਭਾਗਿ॥"

ਸਤਿਗੁਰੂ ਦਾ ਮਿਲਣਾ ਵਡੇ ਭਾਗਾਂ ਉਚ ਭਾਗਾਂ



www.AKJ.Org

ਕਰ ਕੇ ਹੈ। ਜੇ ਭਾਗ (ਕਰਮ) ਹੋਵੇ ਤਾਂ ਸਚਾ ਸਤਿਗੁਰੂ ਮਿਲਦਾ ਹੈ। ਅਤੇ ਸਤਿਗੁਰੂ ਦੁਆਰਿਓਂ ਪੰਜਾਂ ਪਿਆਰਿਆਂ ਤੋਂ ਸਤਿਗੁਰੂ ਦੇ ਹੁਕਮ ਅਨੁਸਾਰ ਗੁਰਮੰਤ੍ਰ ਰੂਪੀ ਗੁਰ ਦੀਖਿਆ ਮਿਲਦੀ ਹੈ। ਅਤੇ ਗੁਰਮਤਿ ਨਾਮ ਦੀ ਅਭਿਆਸ ਜੁਗਤੀ ਬੁੱਝੀਦੀ ਹੈ। ਇਸ ਜੁਗਤੀ ਦੁਆਰਾ ਦਸਿਆ ਬੁਝਾਇਆ ਤੇ ਦ੍ਰਿੜਾਇਆ ਨਾਮ ਅਭਿਆਸ ਦਾ ਤੋਰਾ ਅਜੇਹਾ ਤੁਰਦਾ ਹੈ ਕਿ ਕਦੇ ਹਟਦਾ ਹੀ ਨਹੀਂ। ਅਭਿਆਸ ਆਮੁਹਾਰਾ ਆਪੇ ਚਲਿਆ ਰਹਿੰਦਾ ਹੈ। ਸੁਆਸਿ ਸੁਆਸਿ ਨਾਮ ਵਖਾਨਣ ਦੀ ਲਗਾਤਾਰੀ ਟੇਵ ਲਗੀ ਰਹਿੰਦੀ ਹੈ। ਨਾਮ ਰਸਨਾ ਕਰ ਕੇ ਜਪਣਾ, ਸੁਰਤੀ ਕਰ ਕੇ ਸਿਮਰਨਾ, ਨਾਮ ਉਦਾਰਨੀ ਮੁਹਾਰਨੀ ਦੁਆਰਾ ਕੰਨਾਂ ਕਰ ਕੇ ਸੁਣਨਾ ਅਭਿਆਸੀ ਜਨ ਦਾ ਬਿਉਹਾਰ ਹੀ ਬਣ ਜਾਂਦਾ ਹੈ। ਇਸ ਤੋਂ ਉੱਚਾ ਸੁੱਚਾ ਸੁਭਾਗ (ਸੁਕਰਮ) ਹੋਰ ਕੇਹੜਾ ਹੋ ਸਕਦਾ ਹੈ ? ਯਥਾ ਗੁਰਵਾਕ :-

ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ।।
ਨਾਮੁ ਵਖਾਣੈ ਸੁਣੈ ਨਾਮੁ ਨਾਮੇ ਬਿਉਹਾਰਾ।।੬।।੧੦।।੧੩।।
(ਆਸਾ ਕਾਫੀ ਮਹਲਾ ੧)

ਕਲਜੁਗ ਅੰਦਰਿ ਕਰਤੇ ਪੁਰਖ ਦੇ ਕਿਤੇ (ਰਚਤ), ਤਿਹਾਂ ਗੁਣਾਂ (ਰਜ,ਤਮ, ਸਤਿ) ਵਿਚਿ ਹੀ ਆਮ ਦੁਨੀਆਵੀ ਜੀਵ ਪਰਮਾਰਥੋਂ ਭੁੱਲੇ ਸਾਰੇ ਪ੍ਰਾਨੀ ਨਾਨ੍ਹਾ ਪ੍ਰਕਾਰੀ ਕਰਮ ਕਮਾਉਂਦੇ ਫਿਰਦੇ ਹਨ ਅਤੇ ਕਰਮ ਪ੍ਰਾਇਣੀ ਲਿਖਤ ਅਨੁਸਾਰ ਚੌਹਾਂ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਦੀਆਂ ਜੀਵ ਜੋਨੀਆਂ ਵਿਚਿ ਹੀ ਘੁੰਮਣ ਘੇਰੀਆਂ ਖਾਂਦੇ ਰਹਿੰਦੇ ਹਨ। ਤੁਰੀਆ ਗੁਣੀ ਚੌਥੇ ਪਰਮ ਪਦ ਤਾਈਂ ਤਾਂ ਉਸ ਭਾਗਵੰਤ (ਭਾਗਾਂ ਵਾਲੇ) ਗੁਰਮੁਖ ਜਨ ਦੀ ਪਹੁੰਚ ਹੁੰਦੀ ਹੈ ਜੋ ਵਾਹਿਗੁਰੂ ਨਾਮ ਰਟਨ ਰੂਪੀ ਅਕਥ ਕਹਾਣੀ ਨੂੰ ਸੁਆਸਿ ਗਿਰਾਸੀ ਅਭਿਆਸ ਦੁਆਰਾ ਕਥਨ (ਰਟਨ) ਹਾਰਾ ਹੁੰਦਾ ਹੈ। ਯਥਾ ਗੁਰਵਾਕ :-

ਤੀਨਿ ਗੁਣਾ ਤੇਰੇ ਜੁਗ ਹੀ ਅੰਤਰਿ ਚਾਰੇ ਤੇਰੀਆ ਖਾਣੀ।।
ਕਰਮੁ ਹੋਵੈ ਤਾਂ ਪਰਮ ਪਦੁ ਪਾਈਐ ਕਥੇ ਅਕਥ ਕਹਾਣੀ।।

ਵਾਹਿਗੁਰੂ ਨਾਮ ਭਾਗੁ ਕਰ ਕੇ ਹੀ ਪ੍ਰਾਪਤਿ ਹੁੰਦਾ ਹੈ। ਅਤੇ ਜਿਨ੍ਹਾਂ ਨੂੰ ਪ੍ਰਾਪਤਿ ਹੁੰਦਾ ਹੈ ਸਚੀ ਪ੍ਰਾਪਤਣੀ ਕਰਿ ਪ੍ਰਾਪਤਿ ਹੁੰਦਾ ਹੈ। ਉਸੇ ਨੂੰ ਸਚੇ ਵਾਹਿਗੁਰੂ ਦੇ ਦਰ ਤੇ ਸੱਚੀ ਸੋਭਾ ਦਾ ਸਿਰੋਪਾਉ ਮਿਲਦਾ ਹੈ। ਕਿਉਂਕਿ ਤਿਸ ਨੂੰ ਨਾਮ ਦੀ ਸੱਚੀ ਪ੍ਰਾਪਤਣੀ ਪ੍ਰਾਪਤਿ ਹੋ ਗਈ ਹੈ। ਉਸ ਦੀ ਅੰਤ ਤਾਈਂ ਅਭਿਆਸ ਕਮਾਈ ਤੋੜ ਨਿਭਦੀ ਹੈ ਅਤੇ ਓਸੇ ਦੀ ਨਾਮ ਦੁਆਰਾ ਨਾਮੀ ਵਾਹਿਗੁਰੂ ਵਿਚਿ ਸਮਾਈ ਹੋ ਜਾਂਦੀ ਹੈ। ਯਥਾ ਗੁਰਵਾਕ :-

ਵਾਹੁ ਵਾਹੁ ਕਰਮੁ ਪ੍ਰਾਪਤਿ ਹੋਵੈ
ਨਾਨਕ ਦਰਿ ਸਚੈ ਸੋਭਾ ਪਾਈ।।

ਪੂਰਨ ਕਰਮ, ਪੂਰੇ ਭਾਗ ਤਿਸੇ ਦੇ ਹਨ ਜਿਸ ਨੇ ਵਾਹਿਗੁਰੂ ਨੂੰ ਭੇਟਿਆ ਹੈ। ਅਤੇ ਐਸੀ ਭੇਂਟਣੀ ਭੇਟਿਆ ਹੈ ਕਿ ਉਸ ਦੇ ਅੰਤਰਿ ਬਾਹਰ, ਰੋਮ ਰੋਮ ਵਿਖੇ ਅੰਗ ਅੰਗ ਵਿਖੇ ਓਤ ਪੋਤ ਰਮਤ ਰਾਮ ਹੀ ਰਮ ਰਹਿਆ ਹੈ। ਵਿਥ ਅੰਤਰੇ ਦਾ ਸਭ ਭ੍ਰਮ ਭੇਦ ਦੂਈ ਦੁਜਾਇਗੀ ਸਭ ਮਿਟ ਗਈ ਹੈ। ਵਿਤਕਰਾ ਦੂਰਪਣੇ ਦਾ ਵਿਤਕਰਾ ਦੂਰ ਹੋ ਗਿਆ ਹੈ। ਇਸ ਤੋਂ ਉਤਮ ਇਸ ਤੋਂ ਵਡਾ ਕਰਮ (ਭਾਗ) ਹੋਰ ਕਿਸਦਾ ਹੋ ਸਕਦਾ ਹੈ। ਏਦੂੰ ਵਡਾ ਭਾਗ ਹੋਰ ਕੇਹੜਾ ਹੋ ਸਕਦਾ ਹੈ ? ਗੁਰੂ ਘਰ ਨੂੰ (ਗੁਰੂ ਨਾਨਕ ਦੇ ਘਰ ਨੂੰ) ਹੀ ਇਹ ਛਬਰ ਪ੍ਰਾਪਤਿ ਹੈ ਜਿਸ ਦੇ ਅਨੁਸਾਰੀ ਹੋਇਆਂ ਇਸ ਅਧਿਕਾਰਤਾ ਦਾ ਮੁਰਾਤਬਾ ਮਿਲਦਾ ਹੈ। ਸਤਿਗੁਰੂ ਸਚਾ ਗੁਰੂ ਤਿਸ ਨੂੰ ਹੀ ਮਿਲਦਾ ਹੈ, ਜਿਸ ਦਾ ਉਗਰ ਕਰਮ ਹੁੰਦਾ ਹੈ, ਉੱਚਾ ਭਾਗੁ ਹੁੰਦਾ ਹੈ। ਓਹੀ ਸਚੇ ਨਾਮ ਦਾ ਤੱਤ ਅਭਿਆਸੀ ਧਿਆਨ ਗਵਾਸੀ ਬਣਦਾ ਹੈ। ਨਾਮ ਧਿਆਨਧਾਰੀ ਹੋ ਕੇ ਹੀ ਨਾਮ ਵਿਚਿ ਰੱਤੇ ਜਾਣ ਦੀ ਰਹਿਮਤ ਹੁੰਦੀ ਹੈ। ਨਾਮ ਵਿਚਿ ਰੱਤੇ ਹੋਏ ਜਨ ਸਦਾ ਸੁਖ ਪਾਉਂਦੇ ਹਨ। ਗੁਰੂ ਨਾਨਕ ਸਾਹਿਬ ਤਿਨ੍ਹਾਂ ਵਡਿਭਾਗੇ ਜਨਾਂ ਵਿਟਹੁੰ ਸਦਾ ਬਲਿ ਜਾਂਦੇ ਹਨ। ਯਥਾ ਗੁਰਵਾਕ :-

ਜਿਸ ਕਰਮੁ ਹੋਵੈ ਤਿਸੁ ਸਤਿਗੁਰੁ ਮਿਲੈ
ਸੋ ਹਰਿ ਹਰਿ ਨਾਮੁ ਧਿਆਏ।।
ਨਾਮਿ ਰਤੇ ਜਨ ਸਦਾ ਸੁਖੁ ਪਾਇਨਿ
ਜਨ ਨਾਨਕ ਤਿਨ ਬਲਿ ਜਾਏ।।
(ਬਿਲਾਵਲ ਕੀ ਵਾਰ)

### ਗੁਰੂ ਅਕਾਲ ਪੁਰਖ ਦਾ ਧਿਆਨ ਕਿਵੇਂ ਧਰੀਦਾ ਹੈ

ਸਮਰਥ ਪੂਰਨ ਪਾਰਬ੍ਰਹਮ ਪਰਮੇਸਰ ਦਾ ਧਿਆਨ ਸੋਈ ਜਨ ਧਰ ਸਕਦਾ ਹੈ ਜਿਸ ਦਾ ਪੂਰਾ ਕਰਮ ਅੰਕੂਰ ਭਾਗ ਜਾਗਿਆ ਹੋਵੇ। ਅਗਮ ਅਗੋਚਰ ਅਦ੍ਰਿਸਟ ਪਾਰਬ੍ਰਹਮ ਨਿਰੰਕਾਰ ਜਿਸ ਦਾ ਕੋਈ ਆਕਾਰ ਨਹੀਂ ਜੋ ਦ੍ਰਿਸ਼ਟਮਾਨ ਸਾਕਾਰ ਪਦਾਰਥਾਂ ਵਾਂਗੂੰ ਅਤੇ ਸਾਕਾਰਕ ਮੂਰਤੀਆਂ ਵਾਂਗੂੰ ਮੂਰਤੀਮਾਨ ਅਤੇ ਦ੍ਰਿਸ਼ਟੀ ਗੋਚਰਾ ਨਹੀਂ ਉਸਦਾ ਧਿਆਨ ਧਰਨਾ ਕੋਈ ਸੁਖਾਲੀ ਗਲ ਨਹੀਂ। ਜੋ ਵਾਹਿਗੁਰੂ ਅਕਾਲ ਮੂਰਤੀ ਵਾਲਾ ਹੈ, ਜਿਸਦਾ ਵਜੂਦ ਕਾਲ ਚਕਰ ਚਿਹਨ ਬਿਹੂਣਾ ਅਕਾਲ ਸਰੂਪਾ ਹੈ, ਉਸਦਾ ਕੋਈ ਧਿਆਨ ਧਰੇ ਤਾਂ ਕਿਵੇਂ ਧਰੇ ? ਪੰਜ ਭੂਤਕ



www.AKJ.Org

ਗਿਆਨ ਇੰਦਰੇ ਦ੍ਰਿਸ਼ਟਮਾਨ ਪਸਾਰੇਂ ਤੋਂ ਉਪਰ ਅਤੇ ਅਗੋਚਰੀ ਗਿਆਤ ਤੋਂ ਸਖਣੇ ਅਤੇ ਊਰੇ ਹਨ। ਗਿਆਤਾਕਾਰ ਦਾ ਗਿਆਤਾ ਕਾਰੀ ਧਿਆਨ ਤਾਂ ਧਿਆਨਿਆਂ ਜਾਂ ਸਕਦਾ ਹੈ ਗਿਆਤ ਅਗੋਚਰੇ ਪੰਜ ਭੂਤਕ ਇੰਦ੍ਰਿਆਂ ਦੀ ਗਿਆਤ ਦਾਇਰੇ ਤੋਂ ਬਾਹਰ ਅਪ੍ਰੰਪਰੇ ਵਜੂਦ ਦਾ ਅਨੁਮਾਨ ਹੀ ਲਾਇਆ ਜਾ ਸਕਦਾ ਹੈ। ਉਸਦਾ ਅਪ੍ਰੋਕਸ਼ ਗਿਆਨ ਨਹੀਂ ਹੋ ਸਕਦਾ, ਨਾਹੀ ਧਿਆਨ ਜਮਾਇਆ ਜਾ ਸਕਦਾ ਹੈ । ਆਨ ਮਤਾਂ ਵਾਲਿਆਂ ਨੂੰ ਤਾਂ ਕੀ ਆਖਣਾ ਹੈ ਜਿਨ੍ਹਾਂ ਨੂੰ ਗੁਰਮਤਿ ਦਾ ਬੋਧ ਹੀ ਨਹੀਂ। ਅਸਾਡੇ ਗੁਰਮਤਿ ਮਤ ਅਵਲੰਬੀ ਕਈ ਭਲੇ ਅਤੇ ਉਘੇ ਉਘੇ ਸੰਤ ਮੰਡਲੀਆਂ ਵਾਲਿਆਂ ਨੂੰ ਭੀ ਧਿਆਨ ਧਰਨ ਦਾ ਥੌਹ ਪਤਾ ਨਹੀਂ। ਓਹ ਗੁਰਮਤਿ ਤੋਂ ਉਲਟ ਮਨ ਆਈਆਂ ਉਕਤੀਆਂ ਯੁਕਤੀਆਂ ਵਾਲਾ ਯੱਕੜ ਧਿਆਨ, ਕੁਫਕੜ ਧਿਆਨ ਧਰਦੇ ਧਰਾਉਂਦੇ ਹਨ। ਕਈ ਤਾਂ ਆਨਮਤੀਆਂ ਦੀ ਰੀਸੇ ਮੂਰਤੀਆਂ ਨੂੰ ਮੂਹਰੇ ਰਖ ਕੇ ਧਿਆਨ ਜਮਾਉਣ ਦਾ ਕੁਫਕੜ ਰਚਦੇ ਹਨ। ਕਈ ਗੁਰੂ ਨਾਨਕ ਦੀ ਫੋਟੋ ਨੂੰ ਅਗੇ ਰਖ ਕੇ ਧਿਆਨ ਜਮਾਉਣੀ ਦ੍ਰਿਸ਼ਟੀ ਦਾ ਹੀ ਵਿਸ਼ਾ ਬਣਾਉਂਦੇ ਹਨ, ਕਈ ਗਏ ਗੁਜ਼ਰੇ ਅਸੰਤ ਮਤੀ ਸੰਤ ਸਦਾਉਣਹਾਰੇ ਆਪਣੀ ਹੀ ਤਸਵੀਰ ਪੂਜਾ ਦੇ ਦ੍ਰਿਸ਼ਟ ਧਿਆਨ ਪੂਜਾਰੀ ਲੋਕਾਂ ਨੂੰ ਬਣਾਉਂਦੇ ਹਨ। ਇਸ ਪਰਕਾਰ ਦੇ ਬੜੇ ਹੀ ਨੀਵੇਂ ਦਰਜੇ ਦੇ ਧਿਆਨ ਅਵਲੰਬੀ ਅਸਾਡੇ ਹੀ ਅੰਦਰਿ ਪੈਦਾ ਹੋ ਗਏ ਹਨ। ਜੋ ਗੁਰਮਤਿ ਦੇ ਤੱਤ ਧਿਆਨ ਆਸ਼ੇ ਦੇ ਆਦਰਸ਼ ਤੋਂ ਕੋਸੋਂ ਦੂਰ ਹਨ। ਅਲਪੱਗ ਵਜੂਦ ਦੀ ਮੂਰਤੀ ਦਾ ਧਿਆਨ ਧਰਨਾਂ ਤਾਂ ਮਹਾਂ ਪਾਪ ਹੈ, ਸਰਬੱਗ ਸਤਿਗੁਰਾਂ ਦੀਆਂ ਪਰਚਲਤ ਫੋਟੋ ਤਸਵੀਰਾਂ ਸਭ ਫਰਜ਼ੀ ਹਨ, ਨਾਹੀਂ ਗੁਰੂ ਦੀ ਕੋਈ ਮੂਰਤੀ ਸਾਕਾਰਕ ਹੈ। "ਗੁਰ ਮੂਰਤ ਗੁਰ ਸ਼ਬਦ ਹੈ" ਐਸੀ ਗੁਰ ਦੀ ਮੂਰਤੀ ਦਾ ਧਿਆਨ ਅਸੀਂ ਮਨ ਮਾਹਿ ਜਮਾਉਣਾ ਹੈ। "ਗੁਰ ਕੀ ਮੂਰਤਿ ਮਨ ਮਹਿ ਧਿਆਨੁ।" ਗੁਰੂ ਸ਼ਬਦ ਨਾਲਿ ਸੁਰਤੀ ਜੋੜਨੀ ਗੁਰੂ ਕੀ ਮੂਰਤਿ ਨਾਲ ਧਿਆਨ ਧਰਨਾ ਹੈ। ਗੁਰੂ ਸ਼ਬਦ ਨਾਲਿ ਸੁਰਤੀ ਜੋੜਨ ਦਾ ਪਹਿਲਾ ਮਰਹਲਾ "ਸ਼ਬਦ ਗੁਰੂ ਸੁਰਤਿ ਧੁਨਿ ਚੇਲਾ" ਗੁਰਵਾਕ ਦੇ ਭਾਵ ਅਨੁਸਾਰ ਗੁਰੂ ਵਾਹਿਗੁਰੂ ਰੂਪੀ ਚੇਲਾ ਸ਼ਬਦ ਦੀ ਆਹਤ ਧੁਨੀ ਦੇ ਨਾਲਿ ਸੁਰਤੀ ਰੂਪੀ ਧਿਆਨ ਨੂੰ ਜੋੜਨਾ ਹੈ। ਧਿਆਨ ਰੂਪੀ ਚੇਲਾ ਜਦੋਂ ਤਾਈਂ ਸ਼ਬਦ ਧੁਨੀ ਰੂਪੀ ਗੁਰੂ ਨਾਲਿ ਨਾ ਜੁੜੇ ਤਦ ਤਾਈਂ ਗੁਰੂ ਤੇ ਚੇਲੇ ਦੀ ਅਰਥਾਤ ਗੁਰੂ ਅਤੇ ਸਿਖ ਦੀ ਸੰਧ ਨਹੀਂ ਮਿਲਦੀ। ਸ਼ਬਦ ਦਾ ਅਭਿਆਸ ਭਾਵੇਂ ਰਸਨਾ ਰੂਪੀ ਬੈਖਰੀ ਬਾਣੀ ਉਚਾਰਨ ਦੁਆਰਾ ਹੋਵੇ, ਭਾਵੇਂ ਸੁਆਸਾਂ ਦੁਆਰਾ ਹੋਵੇ, ਉਸ ਦੀ ਧੁਨੀ ਜ਼ਰੂਰ ਹੈ। ਭਾਵੇਂ ਮਧਮ ਤੋਂ ਮਧਮ ਅਤੇ ਸੂਖਮ ਹੀ ਹੋਵੇ। ਪਹਿਲ ਪ੍ਰਿਥਮੇ ਅਭਿਆਸੀ ਜਨ ਇਸ ਧੁਨੀ ਨਾਲਿ ਸੁਰਤਿ ਜੋੜੇਗਾ। ਮੋੜ ਮੋੜਕੇ ਅਤੇ ਮੁੜ ਮੁੜ ਕੇ ਧਿਆਨ ਸੁਰਤੀ ਨੂੰ ਸ਼ਬਦ ਧੁਨੀ ਨਾਲਿ ਲਾਵੇਗਾ। ਜਿਉਂ ਜਿਉਂ ਲਾਵੇਗਾ ਅਤੇ ਜਿਤਨਾ ਜਿਤਨਾ ਲਾਵੇਗਾ ਤਿਤਨਾ ਤਿਤਨਾ ਅਤੇ ਤਿਉਂ ਤਿਉਂ ਗੁਰ ਸ਼ਬਦ ਦੀ ਪਾਰਸ ਕਲਾ ਵਰਤੇਗੀ। ਧਿਆਨ ਜੋੜਦੇ ਜੋੜਦੇ ਜਦੋਂ ਇਕ ਛਿਨ ਮਾਤ੍ਰ ਭੀ ਸਮੂਚਾ ਧਿਆਨ ਸਮੁਚੀ ਸੁਰਤੀ ਦਾ ਹਰਿ ਜਨ ਦਾ ਸ਼ਬਦ ਨਾਲਿ ਜੁੜ ਗਿਆ ਤਦੋਂ ਅਚਿੰਤੇਂ ਹੀ ਅੰਤਰਿ ਆਤਮੇ ਰਸ ਜੋਤਿ ਪ੍ਰਕਾਸ਼ ਦਾ ਚਮਤਕਾਰ ਬਿਜਲੀ ਕਰੰਟ ਦੀ ਨਿਆਈਂ ਜ਼ਹੂਰ ਪਜ਼ੀਰ ਹੋ ਜਾਏਗਾ। ਰਸ-ਜੋਤਿ ਪ੍ਰਕਾਸ਼ ਦਾ ਚਮਤਕਾਰੇ ਦਾ ਇਹ ਨਦਰ ਮੇਹਰੀ ਕ੍ਰਿਸ਼ਮਾ ਜਦੋਂ ਕ੍ਰਿਸ਼ਮਤ ਹੋ ਗਿਆ ਤਦੋਂ ਹੀ ਸਬਦ ਤੇ ਸੁਰਤਿ ਦਾ ਤਤ ਵਾਸਤਵੀ ਮੇਲਾਵਾ ਬਣ ਆਵੇਗਾ। ਰਸ-ਜੋਤਿ ਦੇ ਅਗਾਧ ਸੁਆਦ ਨੇ ਸਦਾ ਹੀ ਅਤੇ ਸੁਤੇ ਸੁਭਾਵ ਹੀ ਸੁਰਤਿ ਸ਼ਬਦ ਵਲ ਜੋੜੀ ਰਖਣੀ ਹੈ। ਸਬਦ ਅਭਿਆਸ ਦਾ ਅਸਲ ਅਨੰਦ ਹੀ ਅਭਿਆਸੀ ਜਨ ਨੂੰ ਇਸ ਆਤਮ ਅਵਸਥਾ ਵਿਖੇ ਆਉਣਾ ਹੈ। ਜਿਉਂ ਜਿਉਂ ਇਹ ਅਨੰਦ ਵਧੇਗਾ ਤਿਉਂ ਤਿਉਂ ਅਭਿਆਸ ਭੀ ਸਹਜ ਵਧਣੀ ਵਿਚ ਵਧਦਾ ਜਾਵੇਗਾ ਅਤੇ ਆਤਮ-ਜੋਤਿ-ਰਹਸਨੀ ਪ੍ਰਕਾਸ਼ ਕਲਾ ਦਾ ਪਸਾਰਾ ਭੀ ਅਧਿਕ ਤੋਂ ਪਸਰਦਾ ਜਾਵੇਗਾ। ਅੰਤਰ ਕ੍ਰਾਂਤੀ ਕਾਇਆਂ ਅੰਤ੍ਰੀਵੀ ਪਸਾਰੇ ਦਾ ਪ੍ਰਕਾਸ਼ ਫੇਰ ਅੰਦਰੋਂ ਬਾਹਰਮੁਖੀ ਅਕਾਸ਼ ਪੁਲਾੜ ਦੇ ਅਕਾਰ ਪਸਾਰੇ ਵਿਚਿ ਸਾਰੇ ਹੀ ਪਸਰ ਨਿਕਲੇਗਾ। ਬਾਕੀ ਸਭ ਦੇਖਾ ਹੀ ਪਰਵਾਣ ਹੈ। ਕਹਿਬੇ ਕੋ ਸੋਭਾ ਨਹੀਂ ਇਹ ਸਭ ਭਾਗਾਂ ਦੀ ਖੇਡ ਹੈ। ਯਥਾ ਗੁਰਵਾਕ :-

ਤੂ ਸਮਰਥ ਪੂਰਨ ਪਾਰਬ੍ਰਹਮ।।
ਸੋ ਧਿਆਏ ਪੂਰਾ ਜਿਸ ਕਰਮੁ।।੪।।੨੩।।੩੪।।
(ਰਾਮਕਲੀ ਮਹਲਾ ੫)

ਗੁਰਮੁਖਾਂ ਦੇ ਇਸ ਗਿਆਨ ਪ੍ਰਕਾਸ਼ੀ ਜੋਤਿ ਧਿਆਨ ਦੀ ਡੋਰੀ ਵਾਹਿਗੁਰੂ ਆਪ ਫੜਕੇ ਤੁਣਕਦਾ ਹੈ। ਅਤੇ ਗੁਰਮੁਖਾਂ ਨੂੰ ਭੀ ਕੇਵਲ ਗੁਰੂ ਵਾਹਿਗੁਰੂ ਪ੍ਰਾਇਨ ਹੋ ਕੇ ਇਸ ਗਿਆਨ ਜੋਤੀਸ਼ੀ ਧਿਆਨ ਡੋਰੀ ਵਾਹਿਗੁਰੂ ਦੇ ਹਥ ਫੜਾਇ ਛਡੀ ਹੈ। ਅਪਣੀ ਮਨ ਮਰਜ਼ੀ ਅਤੇ ਮਤਸਰੀ ਉਕਤੀ ਯੁਕਤੀ ਸਭ ਮਿਟਾਇ ਛਡੀ ਹੈ। ਜਿਧਰ ਨੂੰ ਉਹ ਖਿਚਦਾ ਹੈ ਤਿਸੇ ਵਲ ਹੀ



www.AKJ.Org

ਓਹ ਧਾਵੰਦੇ ਰੁਚੀ ਰੁਚਾਵੰਦੇ ਹਨ। ਮਨਮੁਖੀ ਦੀਵਾਨੇ ਕਮਲੇ ਲੋਕ ਅਕਲ ਲਤੀਫੀਓਂ ਅੰਨ੍ਹੇ ਲੋਕ ਅੰਧ ਮਤਿ ਭਰਮ ਦੇ ਭੁਲਾਏ ਹੋਏ ਪਏ ਮਨ ਉਕਤੀ ਅਤੇ ਆਨਮਤ ਉਕਤੀ ਦੇ ਕਰਮ ਕਰਦੇ ਹਨ। ਉਹਨਾਂ ਦੇ ਹਥ ਕੁਛ ਨਹੀਂ ਆਉਂਦਾ। ਨਾ ਓਹਨਾਂ ਨੂੰ ਕੁਝ ਹਾਸਲ ਹੁੰਦਾ ਹੈ। ਭਾਗਾਂ ਬਿਨਾਂ ਭਲਾ ਕੀ ਮਿਲ ਸਕਦਾ ਹੈ ਜੈਸਾ ਕਿ ਗੁਰਵਾਕ ਹੈ :-

ਭਰਮਿ ਭੂਲਾਨੇ ਭਏ ਦਿਵਾਨੇ ਵਿਣੁ ਭਾਗਾਂ ਕਿਆ ਪਾਈਐ।।
ਗੁਰ ਮੁਖਿ ਗਿਆਨ ਡੋਰੀ ਪ੍ਰਭ ਪਕੜੀ
ਜਿਨ ਖਿੰਚੇ ਤਿਨ ਜਾਈਐ।।੪੨।।(ਰਾਮਕਲੀ ਓਅੰਕਾਰ)

ਜਿਨਾਂ ਦਾ ਭਾਗ ਖੁਲਦਾ ਹੈ, ਜਾਗਦਾ ਹੈ ਤਿਨਾਂ ਨੂੰ ਪ੍ਰਾਲਭਧੋ ਗੁਰੂ ਦੀ ਸਚੇ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਅਤੇ ਗੁਰੂ ਘਰ ਦੀ ਸਤਿ ਵਿਚਿ ਵਾਸਾ ਮਿਲਦਾ ਹੈ। ਤਿਥੋਂ ਪੰਜਾਂ ਪਿਆਰਿਆਂ ਦੀ ਸਰਨੀ ਆਏ ਨੂੰ ਗੁਰਮੰਤ੍ਰ ਦੀਖਿਆ ਗੁਰ ਮੰਤ੍ਰ ਦੀ ਦਾਤਿ ਮਿਲਦੀ ਹੈ। ਤਿਸ ਗੁਰ ਦੀਖਿਆ ਗੁਰ ਮੰਤ੍ਰ ਦੀ ਅਥਾਹ ਅਭਿਆਸ ਕਮਾਈ ਕਰ ਕੇ ਅਤੇ ਸਬਦ ਸੁਰਤੀਸਰੀ ਅਖੰਡਾਕਾਰ ਧਿਆਨ ਧਰਕੇ ਨਿਰੰਕਾਰ ਵਾਹਿਗੁਰੂ ਸਚਾ ਸੁਆਮੀ ਮਿਲਦਾ ਹੈ। ਯਥਾ ਗੁਰਵਾਕ :-

ਕਰਮੁ ਖੁਲਾ ਗੁਰ ਪਾਇਆ ਹਰਿ ਮਿਲਿਆ ਸੁਆਮੀ।।
(ਮਾਰੂ ਵਾਰ ਮਹਲਾ ੫ ਡਖਣੇ ਮਹਲਾ ੫)

ਜਨਮ ਜਨਮ ਦੇ ਮਨਮਤ ਅਤੇ ਮਨਮੁਖੀ ਕੁਕਰਮਾਂ ਵਿਕਰਮਾਂ ਕਰਕੇ ਮਲੀਨ ਹੋਈ ਵੀ ਬੁਧੀ ਅੰਧ ਅਗਿਆਨ ਦੀ ਨੀਂਦੇ ਸੁਤੀ ਰਹਿੰਦੀ ਹੈ। ਸੁਤੀ ਪਈ ਤਦੇ ਹੀ ਜਾਗਦੀ ਹੈ। ਜਦੋਂ ਅੰਧ ਮਤਿ ਬੁਧੀ ਵਾਲੇ ਦਾ ਕੋਈ ਕਰਮ ਅੰਕੂਰੀ ਭਾਗ ਜਾਗਦਾ ਹੈ। ਫੇਰ ਗੁਰੂ ਦੀ ਕਿਰਪਾ ਹੁੰਦੀ ਹੈ। ਗੁਰੂ ਕਿਰਪਾ ਕਰਦਾ ਹੈ ਤਾਂ ਇਹ ਮਨ ਜਾਗਦਾ ਹੈ। ਜਨਮ ਜਨਮ ਦਾ ਸੁਤਾ ਹੋਇਆ ਜਾਗ ਪੈਂਦਾ ਹੈ। ਤਾਂ ਇਸ ਮਨ ਦੀ ਦੁਰਮਤਿ ਮਤਿ ਮਲੀਣੀ ਦੁਬਿਧਾ ਮਰਦੀ ਹੈ। ਯਥਾ ਗੁਰਵਾਕ :-

ਕਰਮੁ ਹੋਵੈ ਗੁਰ ਕਿਰਪਾ ਕਰੈ।।
ਇਹੁ ਮਨੂ ਜਾਗੈ ਇਸ ਮਨ੍ਹ ਕੀ ਦੁਬਿਧਾ ਮਰੈ।।੪।।੬।।੫।।
(ਭੈਰਉ ਮਹਲਾ ੩)

ਪਰਮਾਰਥੀ ਆਸਤਕਤਾ ਵਾਲੇ ਵਾਹਿਗੁਰੂ ਦੇ ਪਾਸੇ ਸੋਈ ਜਨ ਲਗਦਾ ਹੈ ਅਤੇ ਸੋਈ ਜਨ ਵਾਹਿਗੁਰੂ ਦੀ ਸ਼ਰਨੀ ਆਉਂਦਾ ਹੈ ਜਿਸ ਦੇ ਗੁਰੂ ਨਾਨਕ ਦੀ ਕਿਰਪਾ ਨਾਲਿ ਪੂਰਨ ਭਾਗ ਜਾਗ ਪੈਂਦੇ ਹਨ :-

ਕਹੁ ਨਾਨਕ ਜਾਕੈ ਪੂਰਨ ਕਰਮਾ।।
ਸੋ ਜਨੁ ਆਇਆ ਪ੍ਰਭ ਕੀ ਸਰਨਾ।।੪।।੩੫।।੪੮।।
(ਭੈਰਉ ਮਹਲਾ ੫)

ਕਿਉਂਕਿ ਜਿਸ ਨੂੰ ਕਰਤਾਰ ਸੁਮਤਿ ਸੁਕਰਮੀ ਸੁਭਾਗ ਬਖਸ਼ਦਾ ਹੈ ਤਿਸ ਦੀ ਹੀ ਰੁਚੀ ਗੁਰੂ ਘਰ ਦੀ ਸਤਿ ਸੰਗਤ ਕਰਨ ਦੀ ਸਚੜੀ ਕਾਰ ਵਲ ਲਗਦੀ ਹੈ। ਉਸ ਦਾ ਸਭ ਤੋਂ ਮੁਖੁ ਬਿਓਹਾਰ ਸਤਿਸੰਗ ਕਰਨਾ ਹੋ ਜਾਂਦਾ ਹੈ। ਯਥਾ ਗੁਰਵਾਕ :-

ਜਿਸ ਨੋ ਕਰਮੁ ਕਰੇ ਕਰਤਾਰ।।
ਸਾਧ ਸੰਗਿ ਹੋਇ ਤਿਸ ਬਿਉਹਾਰ।।੪।।੪੦।।੫੩।।
(ਭੈਰਉ ਮਹਲਾ ੫)

ਭਾਗਾਂ ਤੋਂ ਬਿਨਾਂ ਗੁਰੂ ਘਰ ਦਾ ਸਤਿਸੰਗ ਨਹੀਂ ਲਭਦਾ। ਅਤੇ ਭਾਗਾਂ ਤੋਂ ਬਿਨਾਂ ਵਾਹਿਗੁਰੂ ਦੀ ਭਗਤੀ ਨਹੀਂ ਹੁੰਦੀ। ਜਿਨ੍ਹਾਂ ਦੇ ਕਰਮਾਂ ਵਿਚਿ ਪੂਰਬ ਅੰਕੂਰੀ ਭਗਤੀ ਦਾ ਭਾਗੁ ਲਿਖਿਆ ਹੁੰਦਾ ਹੈ ਤਿਨਾਂ ਨੂੰ ਹੀ ਗੁਰੂ ਅਤੇ ਗੁਰੂ ਘਰ ਦਾ ਪਰਮਾਰਥ ਸੁਹਾਗ ਪ੍ਰਾਪਤਿ ਹੁੰਦਾ ਹੈ। ਵਾਹਿਗੁਰੂ ਦਾ ਨਾਮ ਅਤੇ ਨਾਮੀ ਵਾਹਿਗੁਰੂ ਭੀ ਕਰਮ-ਭਾਗ ਕਰਕੇ ਹੀ ਮਿਲਦਾ ਹੈ। ਯਥਾ ਗੁਰਵਾਕ :-

ਬਿਨੁ ਭਗਤੀ ਨਹੀ ਸਤਿਗੁਰ ਪਾਈਐ,
ਬਿਨੁ ਭਾਗਾ ਨਹੀ ਭਗਤਿ ਹਰੀ।।
ਬਿਨ ਭਾਗਾ ਸਤਿਸੰਗ ਨ ਪਾਈਐ,
ਕਰਮਿ ਮਿਲੈ ਹਰਿ ਨਾਮੁ ਹਰੀ।।੨।।੫੪।।੬੫।।੧੨।।
(ਬਸੰਤ ਹਿੰਡੋਲ ਮਹਲਾ ੧)

ਤਾਂ ਤੇ ਭਾਗਾਂ ਤੇ ਸ਼ਾਕਰ ਰਹਿਣਾ ਗੁਰਮਤਿ ਜਗਿਆਸੂ ਜਨ ਲਈ ਅਤ ਜ਼ਰੂਰੀ ਹੈ। ਨਿਰਾ ਪੁਰਾ ਨਿਜ ਕਰਤਤੀ ਕਰਮਾਂ ਦੀ ਆਕੜ ਤੇ ਰਹਿਣਾ ਮਹਾਂ ਮੂਰਖਤਾ ਹੈ। ਬਸ ਕਰਮ ਭਾਗ ਕਰਕੇ ਹੀ ਭਗਤੀ ਸੁਹਾਵੀ ਸਫਲ ਫਲਾਵੀਂ ਹੋਂਦੀ ਹੈ। ਭਗਤੀ ਭਾਉ ਤੁਠਾ ਸਤਿਗੁਰੂ ਹੀ ਬਖਸ਼ਦਾ ਹੈ। ਜੈਸੇ ਭਗਤੀ ਭਾਉ ਸਤਿਗੁਰੂ ਦੀ ਬਖਸ਼ਸ਼ ਹੈ। ਤੈਸੇ ਹੀ ਸਤਿਗੁਰੂ ਦੀ ਬਖਸ਼ਸ਼ ਨਾਲਿ ਵਾਹਿਗੁਰੂ ਦੇ ਸਚ ਖੰਡੀ ਮਹਿਲ ਦਰਬਾਰ ਵਿਚਿ ਥਾਉਂ ਮਿਲਦੀ ਹੈ। ਭਾਉ ਪ੍ਰੇਮ ਭਾਵਨਾ ਸੇਤੀ ਭਗਤੀ ਕਰੀ ਜਾਣੀ ਪ੍ਰੇਮ ਹੁਕਮ ਰਜਾਈ ਕਰਮੁ ਹੈ। ਪ੍ਰੇਮਾ ਭਗਤੀ ਓਸੇ ਦੀ ਥਾਂਇ ਪੈਂਦੀ ਹੈ ਜੋ ਗੁਰਮੁਖ ਜਨ ਭਗਤੀ ਭਾਵ ਕਰਦਾ ਹੋਇਆ ਭੀ ਵਾਹਿਗੁਰੂ ਮਿਲਾਪ ਰੂਪੀ ਸੁਫਲ ਫਲ ਦੀ ਪ੍ਰਾਪਤੀ ਹਿਤ ਹੀ ਗੁਰੂ ਤੁਠੇ ਦੀ ਨਦਰ ਮੇਹਰ ਉਤੇ ਹੀ ਸ਼ਾਂਕਰ ਰਹਿੰਦਾ ਹੈ। ਅਪਣੀ ਭਗਤੀ ਰੂਪੀ ਸੁਕ੍ਰਿਤ ਕਰਮ ਉਤੇ ਹੀ ਸ਼ਾਂਕਰ ਨਹੀਂ ਰਹਿੰਦਾ। ਇਸ ਬਿਧਿ ਨਿਜ ਭਗਤੀ ਉਤੇ ਨਿਰਭਰ ਰਹਿਣਾ ਸੂਖਸ਼ਮ ਅਹੰਗਤਾ ਉਤਪੱਤੀ ਦਾ ਕਾਰਕ ਹੋ ਜਾਂਦਾ ਹੈ। ਉਸ ਦੀ ਸੂਖਮ ਹਉਮੈ ਦੀ ਕਾਈ ਨਹੀਂ ਜਾਂਦੀ। ਸਤਿਗੁਰੂ ਦੀਆਂ ਭਗਤੀ ਦਾਤੇ


www.AKJ.Org

ਸਤਿਗੁਰੂ ਦੀਆਂ ਨਦਰਾਂ ਮੇਹਰਾਂ ਤੇ ਸ਼ਾਂਕਰ ਰਹਿੰਦਿਆਂ ਹੀ ਵਾਹਿਗੁਰੂ ਦੇ ਮਹਿਲਾਂ ਵਿਚਿ ਥਾਂਉ ਮਿਲਦੀ ਹੈ। ਭਾਗਾਂ ਉਤੇ ਸ਼ਾਂਕਰ ਰਹਿਣਾ ਨਦਰੀ ਵਾਹਿਗੁਰੂ ਦੀ ਮੇਹਰਬਾਨ ਸਤਿਗੁਰੂ ਦੀ ਨਦਰਾਂ ਮੇਹਰਾਂ ਦਾ ਪਾਤਰ ਬਣਨਾ ਹੈ। ਕਿਉਂਕਿ ਜਦੋਂ ਜਗਿਆਸੂ ਦੇ ਅੰਦਰਿ ਇਹ ਸੰਸਕਾਰ ਸਫੁਰਨ ਹੋ ਜਾਂਦਾ ਹੈ ਕਿ ਮੈਂ ਆਪਣੀ ਨਿਜ ਭਗਤਿ ਕਮਾਈ ਕਰਕੇ ਹੀ ਇਸ ਪਦ ਨੂੰ ਪ੍ਰਾਪਤਿ ਹੋਇਆ ਹਾਂ ਅਤੇ ਸਤਿਗੁਰੂ ਵਾਹਿਗੁਰੂ ਦੇ ਮਹਿਲਾਂ ਦਾ ਵਾਸਲ ਹੋਇਆ ਹਾਂ ਤਦੋਂ ਵਾਸਤਵ ਵਿਚਿ ਉਸ ਨੂੰ ਤੱਤ ਪਦ ਦੀ ਪ੍ਰਾਪਤੀ ਨਹੀਂ ਹੋਈ ਹੁੰਦੀ। ਨਾਂਹੀ ਮਹਿਲੀ ਵਾਹਿਗੁਰੂ ਦੇ ਦਰਿ ਘਰਿ ਮਹਿਲਾਂ ਦਾ ਵਾਸਾ ਪ੍ਰਾਪਤਿ ਹੋਇਆ ਹੁੰਦਾ ਹੈ। ਸਗੋਂ ਉਹ ਉਸ ਪਦੋਂ ਉਰੇਡੇ ਹੀ ਰਹਿ ਖੜੋਂਦਾ ਹੈ। ਇਸ ਸਖੂਮ ਹੰਕਾਰ ਤੇ ਹੀ ਇਹ ਅਸਥੂਲ ਅਹੰਕਾਰ ਉਪਜ ਖੜੋਂਦਾ ਹੈ ਕਿ ਅਜ ਮੇਰੇ ਸਾਰਖਾ ਕੋਈ ਨਹੀਂ। ਮੈਥੋਂ ਛੁਟ ਇਹ ਪਦ ਕਿਸੇ ਹੋਰਸ ਨੂੰ ਪ੍ਰਾਪਤਿ ਨਹੀਂ ਹੋਇਆ। ਇਹ ਇਕ ਪ੍ਰਕਾਰ ਦੀ ਦੂਜੇ ਪੁਗ ਖਲੋਏ ਗੁਰਮੁਖਾਂ ਦੀ ਅਨਚੇਤ ਨਿੰਦਾ ਹੋ ਜਾਂਦੀ ਹੈ ਅਤੇ ਆਪਣਾ ਹੰਕਾਰ ਵਧ ਜਾਂਦਾ ਹੈ। ਜਿਨਾਂ ਨੂੰ ਸਚੀ ਗੁਰਮਤਿ ਭਗਤੀ ਦੀ ਜਾਗ ਲਗੀ ਹੈ ਜੋ ਜਨ ਸਚੀ ਪਰਮਾਰਥਕ ਜਾਗ ਵਾਲੀ ਭਗਤੀ ਕਰਿ ਜਾਗ ਸੁਭਾਗ ਹੋਏ ਹਨ ਤਿਨਾ ਨੂੰ ਇਸ ਪਰਕਾਰ ਦੀ ਅਚੇਤ ਨਿੰਦਾ ਮਈ ਨਿਜ ਭਗਤਿ ਹੰਕਾਰ ਸੰਸਕਾਰੀ ਸੰਸਕਾਰ ਹੀ ਨਹੀ ਕੁਫੁਰਨ ਹੁੰਦੇ। ਓਹ ਤਾਂ ਇਸ ਪਰਕਾਰੀ ਨਿੰਦ ਨਿੰਦਾਰੀ ਸੰਸਕਾਰਾਂ ਦਾ ਪਰਹਰਾਈ ਤਿਆਗ ਕਰਕੇ ਕੇਵਲ ਤੱਤ ਭਗਤੀ ਭਾਵ ਵਿਚਿ ਹੀ ਸੁਜਾਗ ਅਤੇ ਸਾਵਧਾਨ ਰਹਿੰਦੇ ਹਨ। ਇਹ ਸਾਵਧਾਨਤਾ ਸੰਦੁਕਤਨੀ ਤੋੜ ਨਿਭਣੀ ਸੁਹਾਵੀ ਭਗਤੀ ਕੇਵਲ ਉੱਗਰ ਕਰਮ ਭਾਗਾਂ ਦਾ ਹੀ ਅੰਕੂਰ ਹੈ। ਯਥਾ ਗੁਰਵਾਕ :-

ਗੁਰੁ ਤੁਠਾ ਬਖਸੇ ਭਗਤਿ ਭਾਉ॥
ਗੁਰਿ ਤੁਠੈ ਪਾਈਐ ਹਰਿ ਮਹਲਿ ਠਾਉ॥
ਪਰਹਰਿ ਨਿੰਦਾ ਹਰਿ ਭਗਤਿ ਜਾਗੁ॥
ਹਰਿ ਭਗਤਿ ਸੁਹਾਵੀ ਕਰਮਿ ਭਾਗੁ॥

(ਬਸੰਤ ਮਹਲਾ ੧)

ਇਹ ਸ਼ੁਭ ਲਛਣੀ ਭਾਗੁ ਭੀ ਪੂਰਬਲੇ ਸ਼ੁਭ ਕਰਮਾਂ ਦਾ ਹੀ ਅੰਕੂਰ ਹੁੰਦਾ ਹੈ। ਤਾਂ ਤੇ ਭਾਗਾਂ ਅੰਦਰਿ ਲਿਖਿਆ ਭੁਗਤਣਾ ਹੀ ਪੈਂਦਾ ਹੈ। ਸ਼ੁਭ ਭਾਗਾਂ ਦੀ ਸ਼ੁਭ ਲਿਖਤਣ ਸ਼ੁਭ ਭੁਗਤਣੀ ਕਰਾਉਂਦੀ ਹੈ। ਇਹ ਸ਼ੁਭ ਭੁਗਤਣੀ ਲੀਨਤਾ ਕਰਾਉਂਦੀ ਹੈ ਭੁਗਤਿ ਮੁਕਤਿ ਦੇ ਦਾਤੇ ਓਤਿ ਪੋਤਿ ਅਭੇਦੀ ਗੁਰੂ ਕਰਤਾਰ ਦੇ ਸਰੂਪ ਵਿਚਿ।

ਜਿਸ ਜਗਿਆਸੂ ਦਾ ਅਤਿ ਉਤਮ ਅਤੇ ਉਗਰ ਭਾਗ ਹੁੰਦਾ ਹੈ ਸੋਈ ਗੁਰੂ ਦਾ ਸਿਖ ਸੇਵਕ ਸਿੰਘ ਬਣਦਾ ਹੈ ਅਤੇ ਗੁਰੂ ਸਿਖ ਸੇਵਕ ਬਣਕੇ ਅਤੁਟ ਨਾਮ ਅਭਿਆਸ ਕਮਾਈਆਂ ਰੂਪੀ ਸਚੀ ਸੇਵਾ ਵਿਖੇ ਤਤਪਰ ਹੋ ਕੇ ਜੁਟਦਾ ਹੈ ਅਤੇ ਸਤਿਗੁਰੂ ਦੇ ਪਰਮ ਪਰਸਾਦਿ ਕਰਿ ਨਿਸਕਾਮ ਅਤੇ ਨਿਰਮਾਣ ਗੁਰ ਭਗਤਿ ਸੇਵਾ ਵਿਚ ਜੁਟ ਕੇ ਜੀਵਨ ਮੁਕਤ ਹੋ ਜਾਂਦਾ ਹੈ। ਇਹ ਜੀਵਨ ਮੁਕਤੀ ਦਾ ਪਰਮ ਪਦ ਗੁਰ ਪ੍ਰਸਾਦੀ ਹੀ ਪ੍ਰਾਪਤਿ ਹੁੰਦਾ ਹੈ। ਇਹ ਗੁਰੂ ਦਾ ਪ੍ਰਸਾਦ ਅਤ ਉਜਲਾ ਅਤੇ ਉਚਾ ਜਗਿਆਸੂ ਜਨ ਦਾ ਕਰਮ ਭਾਗ ਹੈ। ਯਥਾ ਗੁਰਵਾਕ :-

ਕਰਮੁ ਹੋਵੈ ਤਾਂ ਸੇਵਾ ਕਰੈ।
ਗੁਰਪਰਸਾਦੀ ਜੀਵਤ ਮਰੈ॥੨॥੪॥੧॥

(ਬਸੰਤ ਮਹਲਾ ੩ ਘਰ ੧ ਦੁਤੁਕੇ)

ਅਜੇਹੇ ਉੱਗਰ ਭਾਗ ਉਦੇ ਹੋਣ ਤੋਂ ਬਿਨਾ ਸਾਰੀ ਲੁਕਾਈ ਭਰਮ ਭੁਲਾਈ ਹੀ ਫਿਰਦੀ ਹੈ ਇਸ ਵਿਚਿ ਰੰਚਕ ਸੰਦੇਹ ਨਹੀਂ ਕਿ ਸ਼ੁਭ ਕਰਮ ਹੀ ਸ਼ੁਭ ਭਾਗ ਦੇ ਲਖਾਇਕ ਅਤੇ ਸੂਚਕ ਹਨ। ਸ਼ੁਭ ਕਰਮਾਂ ਦੇ ਲੇਖ ਕਰਮ ਬਿਧਾਤੇ ਅਤੇ ਕਰਮ ਫਲ ਪਰਦਾਤੇ ਸਿਰੀ ਅਕਾਲ ਪੁਰਖ ਦੇ ਅਟਲ ਹੁਕਮ ਅਨੁਸਾਰ ਪਿਛਲੇ ਜਨਮਾਂ ਦੇ ਅੰਕੂਰਕ ਹੋਣ ਕਰਿ ਨਵੀਨ ਜਨਮ ਮਿਲਣ ਧਰ ਜਗਿਆਸੂ ਜਨ ਦੇ ਮਸਤਕ ਤੇ ਲਿਖੇ ਜਾਂਦੇ ਹਨ। ਜਿਨਾਂ ਦਾ ਸੰਕੇਤਕ ਨਾਮ ਭਾਗ ਹੋ ਜਾਂਦਾ ਹੈ। ਸੋ ਭਾਗ ਸੁਲਖਣੇ ਕਰਮਾਂ ਦਾ ਭੁਗਤਾ ਹਰ ਇਕ ਜਗਿਆਸੂ ਜਨ ਜਨਮ ਤੇ ਹੀ ਹੋ ਜਾਂਦਾ ਹੈ। ਜਿਨਾਂ ਦੀ ਜਨਮ ਤੋਂ ਕੁਦਰਤੀ ਮਨ ਰੁਚੀ ਭਗਤੀ ਭਾਵ ਵਲ ਹੁੰਦੀ ਹੈ ਉਸ ਦੇ ਸ਼ੁਭ ਮਸਤਕੀ ਭਾਗ ਹੀ ਮੁਦ ਤੋਂ ਸ਼ੁਭ ਸੁਰਤੀਗਤੇ ਹੁੰਦੇ ਹਨ। ਇਹ ਭਗਤੀ ਮਾਰਗ ਵਾਲਾ ਜਨਮ ਬਤੀਤਣੋਂ ਰਹਿ ਨਹੀਂ ਸਕਦੇ। ਓਹਨਾਂ ਦੇ ਇਸ ਜਨਮ ਅੰਦਰਿ ਨਦਰ ਕਰਮੀ ਇਕ ਸ਼ੁਆ ਮਾਤਰ ਹੀ ਮੁਕਤ ਗਤਿ ਉਚ ਕਲਿਆਣਕਾਰੀ ਤੱਤ ਭਗਤੀ ਦਾ ਤਤ ਫਲ ਅਰਪਾਉਣ ਨੂੰ ਸਮਰਥ ਹੋਇ ਆਵੰਦੀ ਹੈ। ਓਹ ਗੁਰੂ ਘਰ ਵਿਖੇ ਆਕੇ ਅੰਮ੍ਰਿਤ ਛਕਣ ਸਮੇਂ ਪਹਿਲਾਂ ਪਾਣ ਗੁੜ੍ਹਤੀ ਦੇ ਅੰਮ੍ਰਿਤ ਛਾਂਦੇ ਨਾਲਿ ਤ੍ਰਿਪਤ ਹੋ ਕੇ ਰਸ-ਜੋਤਿ ਪ੍ਰਗਾਸੀ ਅਨੰਦ ਮਾਨਣ ਵਾਲੇ ਹੋ ਜਾਂਦੇ ਹਨ। ਇਹ ਤਤ ਵਰੱਤੀ ਆਤਮ ਬਵਸਥਾ ਦਾ ਬਿਜਲੰਕਾਰੀ ਉਮਗਾਉ ਓਹਨਾਂ ਦੇ ਭਾਗਾਂ ਦਾ ਪਸਰਾਉ ਹੀ ਹੁੰਦਾ ਹੈ। ਇਹਨਾਂ ਭਾਗਾਂ ਬਿਹੂਣੇ ਆਮ ਦੁਨੀਆਂ ਭਰਮ ਭੁਲਾਈ ਹੀ ਫਿਰਦੀ ਰਹਿੰਦੀ ਹੈ। ਅਤੇ ਮੋਹ ਮਮਤਾ ਦੇ ਮਾਇਆਵੀ ਗੇੜ ਵਿਚਿ ਪੈ ਕੇ ਬਹੁਤ ਹੀ ਦੁਖਾਂ ਮਈ ਜਨਮ ਜਨਮਾਂਤਰੀ ਧਕੇ ਖਾਂਦੀ ਹੈ ਯਥਾ ਗੁਰਵਾਕ :-

ਬਿਨੁ ਕਰਮਾ ਸਭ ਭਰਮਿ ਭੁਲਾਈ॥



www.AKJ.Org

ਮਾਇਆ ਮੋਹ ਬਹੁਤ ਦੁਖ ਪਾਈ॥੪॥੧੦॥
(ਬਸੰਤ ਮਹਲਾ ੩)

ਜਿਨ੍ਹਾਂ ਜਗਿਆਸੂਆਂ ਦਾ ਪਰਾ ਪੂਰਬਲਾ ਮਸਤਕਿ ਲਿਖਤੀ ਭਾਗ (ਕਰਮ ) ਖੁਲਦਾ ਹੈ ਓਹਨਾਂ ਦੇ ਅੰਤਰਿ ਆਤਮੇ ਅੰਮ੍ਰਿਤ ਛਕਣ ਸਾਰ ਹੀ ਸੁਧਾ ਮੰਤ੍ਰੀ ਜਾਗ ਲਗ ਜਾਂਦੀ ਹੈ ਅਤੇ ਜੋਤਿ ਪ੍ਰਕਾਸ਼ ਦਾ ਖੇੜਾ ਹੋ ਜਾਂਦਾ ਹੈ। ਗੁਰ ਸ਼ਬਦ ਮੰਤ੍ਰ ਓਹਨਾਂ ਨੂੰ ਅਮਿਉ ਰਸਾਇਣੀ ਮਿਠਾਸ ਵਾਲਾ ਹੋ ਕੇ ਸੰਜੀਵਨਤ ਹੋ ਜਾਂਦਾ ਹੈ। ਇਸ ਸ਼ਬਦ ਗੁਰ ਮੀਠੇ ਦੇ ਪ੍ਰਾਭਵ ਕਰਕੇ ਤਿਨਾਂ ਦੀ ਅਭਿਆਸ ਕਲਾ ਭੀ ਅੰਮ੍ਰਿਤ ਸਰਸ਼ਾਰੀ ਅਤ ਮਿਠ ਮਿਠਾਰੀ ਹੋ ਜਾਂਦੀ ਹੈ। ਜਿਸ ਦੇ ਜ਼ੋਰ ਤਾਣ ਕਰਿ ਖਿਨ ਖਿਨ ਨਾਮ ਅਭਿਆਸ ਕਲਾ ਜੋਰੋ ਜੋਬ ਵਧਦੀ ਤੇ ਹੋਰੋ ਹੋਰ ਵਧ ਵਧੇਰੇ ਆਤਮ ਰੰਗ ਖੇੜਦੀ ਹੈ। ਜਿਸ ਜੋਤਿ ਪ੍ਰਕਾਸ਼ ਦੇ ਖਿਨੋ ਖਿਨ ਵਧੰਦੇ ਰਸ ਜੋਤਿ ਸਪਰਸੀਏ ਪਾਰਸ ਖੇੜੇ ਦੇ ਪ੍ਰਭਾਵ ਕਰਿ ਉਸ ਨੂੰ ਆਪਣੇ ਘਟ ਵਿਖੇ ਅਤੇ ਹਰ ਪ੍ਰਾਨੀ ਦੇ ਘਟ ਵਿਖੇ ਜੋਤਿ-ਜੋਤੀਸਰ ਵਾਹਿਗੁਰੂ ਪ੍ਰਤਿਬਿੰਬਤ ਨਜਰੀ ਆਉਂਦਾ ਹੈ, ਪਰਤਖ ਦਿਸਦਾ ਹੈ, ਜੈਸਾ ਕਿ ਇਸ ਗੁਰ ਵਾਕ ਦਾ ਭਾਵ ਹੈ :-

**ਮੇਰੇ ਮਨ ਸਬਦ ਲਗੋ ਗੁਰ ਮੀਠਾ॥ ਖੁਲਿਓ ਕਰਮੁ ਭਇਓ ਪਰਗਾਸਾ ਘਟਿ ਘਟਿ ਹਰਿ ਹਰਿ ਡੀਠਾ॥੧੯॥੪੨॥**
(ਸਾਰੰਗ ਮਹਲਾ ੫)

ਵਾਹਿਗੁਰੂ ਦੇ ਦਰਸ਼ਨਾ ਦਾ ਉਦਮ ਕਰਨਾ ਉਤਮ ਜਗਿਆਸੂ ਜਨ ਦੀ ਸ੍ਰਿਸ਼ਤ ਸਿਫਾਤੀ ਅੰਦਰਿ ਮਨਹਿਲੱਕ ਹੁੰਦਾ ਹੈ। ਉਹ ਦਰਸਨਾਂ ਦੇ ਉਦਮ ਕੀਤੇ ਬਿਨਾਂ ਰਹਿ ਨਹੀਂ ਸਕਦਾ। ਗੁਰਬਾਣੀ ਅੰਦਰਿ ਆਏ ਹੁਕਮ ਰੂਪ ਸਤਿਗੁਰੂ ਬਚਨਾਂ ਨੂੰ ਕਮਾਉਂਦਾ ਹੈ ਅਤੇ ਕਮਾਉਣ ਵਿਚਿ ਰੰਚਕ ਆਲਸ ਨਹੀਂ ਕਰਦਾ ਨਾਹੀਂ ਬਿਲਮਤਾ ਦਿੰਦਾ ਹੈ। ਏਹ ਉਦਮ ਉਸਦੇ ਮਥੇ ਲਿਖੇ ਸ਼ੁਭ ਕਰਮ ਭਾਗ ਹੀ ਕਰਾਉਂਦੇ ਹਨ। ਪਰ ਫੇਰ ਭੀ ਉਹ ਗੁਰਮੁਖ ਜਨ ਵਾਹਿਗੁਰੂ ਦੀਆਂ ਨਦਰ ਕਰੰਮੀ ਮੇਹਰਾਂ ਦਾ ਹੀ ਪਾਤਰ ਬਣਿਆ ਰਹਿੰਦਾ ਹੈ ਅਤੇ ਜਦੋਂ ਦਰਸ਼ਨਾਂ ਦੀ ਪ੍ਰਾਪਤਿ ਹੁੰਦੀ ਹੈ ਤਦੋਂ ਉਹ ਇਹ ਸਭ ਕੁਛ ਉਸ ਦੀ ਨਦਰਾਂ ਦਾ ਸਦਕਾ ਹੀ ਕਰਕੇ ਜਾਣਦਾ ਹੈ। ਇਕ ਨਿਮਖ ਮਾਤ੍ਰ ਭੀ ਉਸਦੇ ਹਿਰਦੇ ਅੰਦਰਿ ਇਹ ਕਫੁਰਨੀ ਨਹੀਂ ਫੁਰਦੀ ,ਕੁਫੁਰਦੀ, ਕਿ ਇਹ ਦਰਸਨ ਝਾਕਾ ਉਸ ਦੀ ਆਪਣੀ ਘਾਲਨਾ ਦਾ ਸਦਕਾ ਹੈ। ਇਸ ਨੂੰ ਉਹ ਫੈਜ਼ ਗੁੰਜਾਰੀ ਰਹਿਮਤਾਈ ਭਾਗਾਂ ਦਾ ਜ਼ਹੂਰ ਹੀ ਜਾਣਦਾ ਹੈ ਅਤੇ ਮਨ ਬਚ ਕਰਮ ਕਰਕੇ ਜਾਣਦਾ ਹੈ ਜੈਸਾ ਕਿ ਇਸ ਗੁਰਵਾਕ ਦਾ ਤਤ ਆਸ਼ਾ ਹੈ :-

**ਉਦਮ ਕਰਉ ਦਰਸਨ ਪੇਖਨ ਕੌ ਕਰਮਿ ਪ੍ਰਾਪਤ ਹੋਇ॥੧॥੨॥੭੪॥੯੭॥** (ਸਾਰੰਗ ਮਹਲਾ ੫)

ਇਸ ਗੁਰ ਵਾਕੀ ਤੁਕ ਅੰਦਰਿ ਕਰਮ ਦਾ ਭਾਵ ਅਰਥ ਸਪਸ਼ਟ ਭਾਗੁ ਸ਼ੁਭ ਨਸੀਬਾ ਭਾਗ ਹੈ। ਜੋਤਿ ਪ੍ਰਕਾਸ਼ੀਏ ਗੁਰਮੁਖ ਜਨਾਂ ਦਾ ਦਰਸਨ ਭੀ ਕਰਮਾਂ (ਭਾਗਾਂ) ਨਾਲ ਹੀ ਪ੍ਰਾਪਤ ਹੁੰਦਾ ਹੈ ਐਵੇਂ ਨਹੀਂ। ਉਦਮ ਭੀ ਓਹਨਾਂ ਦਾ ਬਰ ਹਕ ਹੈ। ਪਰ ਪਰਾਪਤੀ ਦਰਸਨ ਦੀ ਭਾਗਾਂ ਸੇਤੀ ਹੀ ਹੈ।

ਜਿਨਾਂ ਦੇ ਮਸਤਕਿ ਭਾਗ ਹੁੰਦਾ ਹੈ ਓਹੀ ਵਾਹਿਗੁਰੂ ਨਾਮ ਨੂੰ ਜਪਦੇ ਹਨ। ਨਿਗੁਰੇ ਨਰ ਨਾਰੀ ਨਹੀਂ ਜਪ ਸਕਦੇ। ਪਰਮਾਰਥੀ ਗੁਰਮਤਿ ਅਸੂਲ ਪਕਾ ਹੈ ਕਿ ਨਿਗੁਰਿਆਂ ਨੂੰ ਨਾਮ ਹੀ ਪ੍ਰਾਪਤਿ ਨਹੀਂ ਹੁੰਦਾ। ਜਪਣਾ ਤਾਂ ਓਹਨਾਂ ਨੇ ਕੀ ਸੀ, ਜਿਨਾਂ ਦਾ ਭਾਗ ਉਦੇ ਹੁੰਦਾ ਹੈ ਓਹ ਗੁਰੂ ਨਾਨਕ ਦੇ ਘਰਿ ਦਰਿ ਸਰਨੀ ਆਇ ਪੈਂਦੇ ਹਨ ਤਿਥੇ ਓਹ ਸਗੁਰੇ ਬਣ ਕੇ ਗੁਰਮੰਤ੍ਰ ਗੁਰ ਦੀਖਿਆ ਲੈਂਦੇ ਹਨ। ਤਦ ਉਹ ਨਾਮ ਜਪਣ ਜੋਗੇ ਹੁੰਦੇ ਹਨ। ਬੇ ਪੀਰਿਆਂ ਨਿਗੁਰਿਆਂ ਨੂੰ ਨਾਮ ਨਹੀਂ ਮਿਲਦਾ ਅਤੇ ਸਗੁਰਾ ਓਹੀ ਹੁੰਦਾ ਹੈ ਜਿਸ ਦੇ ਭਾਗ ਖੁਲਣ। ਯਥਾ ਗੁਰਵਾਕ :-

**ਨਾਨਕ ਕਰਮੁ ਹੋਵੈ ਜਪੀਐ ਕਰਿ ਗੁਰ ਪੀਰੁ॥**
**ਸਚਿ ਸਮਾਵੈ ਏਹੁ ਸਰੀਰੁ॥** (ਮਲਾਰ ਮ: ੧)

ਗੁਰਮਤਿ ਨਾਮ ਜਪਦੇ ਜਪਦੇ ਵਡਿ ਭਾਗੀਆਂ ਦਾ ਮਨ ਭੀ ਤੇ ਤਨ ਭੀ ਸਚੇ ਵਾਹਿਗੁਰੂ ਦੇ ਸਰੂਪ ਵਿਚਿ ਸਮਾ ਜਾਂਦਾ ਹੈ। ਪਹਿਲਾਂ ਨਾਮ ਦੇ ਜੋਤਿ ਤੰਗੀ ਸਰੋਵਰ ਵਿਚਿ ਤਾਰੀਆਂ ਲਾ ਕੇ ਤ੍ਰਿਬੁਡ ਹੋ ਜਾਂਦਾ ਹੈ ਫੇਰ ਨਾਮੀ ਵਾਹਿਗੁਰੂ ਸੇਤੀ ਇਕ ਮਿਕ ਹੋਇ ਸਮਾਵੰਦਾ ਹੈ।

ਪੂਰਾ ਸਬਦ ਵਾਹਿਗੁਰੂ ਪੂਰੇ ਭਾਗਾਂ (ਕਰਮਾਂ) ਨਾਲਿ ਹੀ ਧਿਆਇਕੇ ਮਨਿ ਵਸਾਇਆ ਜਾਂਦਾ ਹੈ :-

**ਪੂਰੈ ਕਰਮਿ ਧਿਆਇ ਪੂਰਾ ਸਬਦ ਮਨਿ ਵਸਾਇਆ॥**
(ਪਉੜੀ ੧੮ ਵਾਰ ਮਲਾਰ ਕੀ )

ਪੂਰੇ ਸਤਿਗੁਰੂ ਗੁਰੂ ਨਾਨਕ ਦੀਆਂ ਵਡੀਆਂ ਵਡਿਆਈਆਂ ਹਨ, ਪ੍ਰੰਤੂ ਵਡੇ ਭਾਗਾਂ ਨਾਲਿ (ਪੂਰੇ ਕਰਮਾਂ ਸੇਤੀ) ਹੀ ਐਸਾ ਸਚਾ ਸਤਿਗੁਰੂ ਪਾਇਆ ਜਾ ਸਕਦਾ ਹੈ। ਨਹੀਂ ਤਾਂ ਭਾਗ ਹੀਣ ਭਉਂਦੂ ਭੇਖੀ ਅਤੇ ਡਿੰਭੀ ਅਲਪਗ ਦੇਹ ਧਾਰੀ ਗੁਰੂਆਂ ਪਾਸ ਹੀ ਭਉਂਦੇ ਭਰਮਦੇ ਫਿਰਦੇ ਹਨ। ਅਪਣਾ ਜਨਮ ਬਿਰਥਾ ਹੀ ਗੰਵਾ ਲੈਂਦੇ ਹਨ, ਫੇਰ ਓਹਨਾਂ ਨੂੰ ਬਹੁਤੇ ਜਨਮਾਂ ਵਿਚਿ ਭਰਮਣਾ ਪੈਂਦਾ ਹੈ। ਓੜਕ ਮੁੜ ਘਿੜਕੇ ਜਦੋਂ ਭੀ [illegible]



www.AKJ.Org

# ਭੰਗਾਣੀ ਦਾ ਜੁੱਧ-ਉਦਾਸੀ ਮਹੰਤ ਕਿਰਪਾਲ ਦੀ ਜ਼ਬਾਨੀ

ਵਲੋਂ-ਪ੍ਰਿੰਸੀਪਲ ਸੁਜਾਨ ਸਿੰਘ ਜੀ

(ਆਖ਼ਰੀ ਕਿਸ਼ਤ)

"ਇਸ ਲੜਾਈ ਵਿਚ ਸ੍ਰੀ ਜੀਤ ਮਲ ਤੇ ਰਾਜਾ ਹਰੀ ਚੰਦ ਦਾ ਦੂਹ ਬਦੂਹ ਮੁਕਾਬਲਾ ਹੋ ਗਿਆ। ਇਹ ਦੋਵੇਂ ਦਾਅ ਲਾ ਲਾ ਕੇ ਇਕ ਦੂਜੇ ਤੇ ਵਾਰ ਕਰਦੇ ਸਨ ਤੇ ਬਚਣ ਲਈ ਘੋੜਿਆਂ ਨੂੰ ਚੰਭਲਾਉਂਦੇ ਟਪਾਉਂਦੇ, ਇਧਰ ਉਧਰ ਮੋੜਦੇ ਤੇ ਭਜਾਉਂਦੇ ਸਨ। ਜੀਤ ਮਲ ਜੀ ਨੇ ਤਿੱਖਾ ਤੀਰ ਧਨਖ ਤੇ ਜੋੜ ਕੇ ਹਰੀ ਚੰਦ ਦਾ ਨਿਸ਼ਾਨਾ ਕਰ ਕੇ ਮਾਰਿਆ, ਪਰ ਉਹ ਤੀਰ ਆਉਂਦਾ ਦੇਖ ਕੇ ਫੁਰਤੀ ਨਾਲ ਘੋੜਾ ਫੇਰ ਕੇ ਟਲ ਗਿਆ। ਤੀਰ ਨਿਸਫਲ ਜਾਂਦਾ ਦੇਖ ਕੇ ਜੀਤ ਮਲ ਜੀ ਨੇ ਕਿਹਾ, 'ਹਰੀ ਚੰਦ, ਕਿਥੋਂ ਤਕ ਭੱਜ ਲਵੇਂਗਾ ? ਐਤਕੀਂ ਦੇਖੀ ਕੀ ਹੁੰਦਾ ਹੈ। ਜਦੋਂ ਜੀਤ ਮਲ ਨੇ ਦੂਜਾ ਤੀਰ ਖਿੱਚਿਆ ਤਾਂ ਉਸੇ ਵੇਲੇ ਹਰੀ ਚੰਦ ਨੇ ਵੀ ਆਪਣਾ ਤੀਰ ਖਿੱਚਿਆ। ਦੋਹਾਂ ਦੇ ਤੀਰ ਇੱਕਠੇ ਚਲੇ ਅਤੇ ਇਕ ਦੂਜੇ ਦੇ ਘੋੜੇ ਦੇ ਮੱਥਿਆਂ ਵਿਚ ਗੱਡੇ ਗਏ। ਘੋੜੇ ਜ਼ਮੀਨ ਤੇ ਡਿੱਗਦਿਆਂ ਹੀ ਦੋਵੇਂ ਸਵਾਰ ਆਪਣੇ ਕਦਮਾਂ ਤੇ ਸਾਵਧਾਨ ਖੜੋ ਗਏ। ਦੋਨਾਂ ਹੀ ਧਨੁਰ-ਵਿਦਿਆ ਵਿਚ ਚੁਸਤ ਸਨ। ਦੋਹਾਂ ਨੇ ਤੀਰ ਕੱਢੇ ਤੇ ਛੱਡੇ ਅਤੇ ਇਹ ਤੀਰ ਇਕ ਦੂਜੇ ਦੀ ਬਾਂਹ ਨੂੰ ਜ਼ਖ਼ਮੀ ਕਰ ਗਏ। ਹਰੀ ਚੰਦ ਨੂੰ ਬੜਾ ਗੁੱਸਾ ਚੜ੍ਹਿਆ। ਜੀਤ ਮੱਲ ਦੇ ਤੀਰ ਖਿੱਚਦਿਆਂ ਹੀ ਉਸ ਨੇ ਵਧੇਰੀ ਫੁਰਤੀ ਨਾਲ ਤੀਰ ਛਡਿਆ, ਪਰ ਉਧਰ ਜੀਤ ਮੱਲ ਜੀ ਦਾ ਤੀਰ ਵੀ ਕਮਾਨ ਵਿਚੋਂ ਨਿਕਲ ਚੁੱਕਾ ਸੀ। ਹਰੀ ਚੰਦ ਦਾ ਤੀਰ ਜੀਤ ਮੱਲ ਜੀ ਦੇ ਦਿਲ ਨੂੰ ਚੀਰ ਗਿਆ ਅਤੇ ਉਹ ਝੂਲ ਕੇ ਅਗਾਂਹ ਪੈਰ ਵਧਾਉਂਦੇ ਧਰਤੀ ਤੇ ਢਹਿ ਪਏ। ਜੀਤ ਮੱਲ ਦਾ ਤੀਰ ਵੀ ਹਰੀ ਚੰਦ ਦੀ ਛਾਤੀ ਵਿਚ ਗੱਡਿਆ ਗਿਆ, ਪਰ ਉਸ ਦਾ ਦਿਲ ਬਚ ਗਿਆ। ਥੋੜੇ ਚਿਰ ਮਗਰੋਂ ਉਹ ਵੀ ਮੂਰਛਿਤ ਹੋ ਕੇ ਭੌਂ ਤੇ ਡਿਗ ਪਿਆ। ਪਿੱਛੇ ਲਿਜਾ ਕੇ ਹਰੀ ਚੰਦ ਦਾ ਤੀਰ ਕੱਢ ਕੇ ਪੱਟੀ ਕੀਤੀ ਗਈ ਅਤੇ ਮੂਰਛਾ ਤੋੜਨ ਦੇ ਜਤਨ ਹੋਣ ਲਗੇ। ਗੁਰੂ ਕੇ ਸੂਰਮਿਆਂ ਨੇ ਜੀਤ ਮੱਲ ਜੀ ਦਾ ਮ੍ਰਿਤੂ ਸਰੀਰ ਆਦਰ ਨਾਲ ਚੁੱਕ ਕੇ ਪਿਛੇ ਲੈ ਆਂਦਾ। ਜੋਧਿਆਂ ਨੇ ਉਨ੍ਹਾਂ ਦੀ ਸੂਰਮ-ਗਤੀ ਦੀ ਜੈ-ਜੈ-ਕਾਰ ਕੀਤੀ।

"ਸਤਿਗੁਰਾਂ ਦੇਖਿਆ ਜਿੱਥੇ ਮੂਰਛਿਤ ਹਰੀ ਚੰਦ ਨੂੰ ਹੋਸ਼ ਵਿਚ ਲਿਆਉਣ ਦਾ ਜਤਨ ਕੀਤਾ ਜਾ ਰਿਹਾ ਸੀ, ਫ਼ਤਿਹ ਸ਼ਾਹ ਉਥੇ ਜੋਧਿਆਂ ਦੇ ਇਕ ਜੱਥੇ ਨਾਲ ਖੜਾ ਸੀ। ਗੁਰੂ ਜੀ ਨੇ ਭਾਈ ਰਾਮਾ ਜੀ ਨੂੰ ਆਪਣੀ ਤੋਪ ਦਾ ਗੋਲਾ ਉਨ੍ਹਾਂ ਤੇ ਤੱਕ ਕੇ ਚਲਾਉਣ ਲਈ ਆਗਿਆ ਕੀਤੀ। ਭਾਈ ਜੀ ਨੇ ਅੱਗੇ ਹੀ ਭਰ ਕੇ ਰੱਖੀ ਤੋਪ ਦਾ ਨਿਸ਼ਾਨਾ ਬੰਨ੍ਹ ਕੇ ਤੋਪ ਦਾਗ ਦਿੱਤੀ। ਤੋਪ ਭਿਆਨਕ ਗੜਗੜਾ ਹਟ ਨਾਲ ਗਰਜੀ। ਗੋਲਾ ਉਸ ਸਮੂੰਹ ਉਤੇ ਪਿਆ ਤੇ ਦੋ ਤਿੰਨ ਸੈਨਕਾਂ ਨੂੰ ਪਾਰ ਬੁਲਾਇਆ। ਗੋਲੇ ਦੀ ਮਾਰ ਤੋਂ ਬਚਣ ਲਈ ਫ਼ਤਿਹ ਸ਼ਾਹ ਹਰੀ ਚੰਦ ਨੂੰ ਉਥੇ ਹੀ ਮੂਰਛਤ ਛਡ ਕੇ ਉਠ ਦੌੜਿਆ। ਕਾਇਰ ਨੇ ਧਨੁਖ-ਬਾਣ ਨੂੰ ਬੇਅਰਥ ਲਾਜ ਲਾਈ। ਉਸ ਨੂੰ ਨੱਸਦਾ ਦੇਖ ਕੇ ਜਸਵਾਲਿਆ, ਢਢਵਾਲੀਆ ਆਦਿ ਸਾਰੇ ਰਾਜੇ ਵੀ ਉੱਠ ਨੱਸੇ ਅਤੇ ਗੋਲੇ ਗੋਲੀ ਦੀ ਮਾਰ ਤੋਂ ਦੂਰ ਜਾ ਖੜੇ ਹੋਏ।

"ਗਾਜ਼ੀ ਚੰਦ ਚੰਦੇਲ ਨੇ ਫ਼ਤਿਹ ਸ਼ਾਹ ਨੂੰ ਭੱਜਦਾ ਤੇ ਹਰੀ ਚੰਦ ਨੂੰ ਮੂਰਛਿਤ ਦੇਖ ਕੇ ਬੜਾ ਤਾਅ ਖਾਧਾ ਅਤੇ ਹੱਥ ਵਿਚ ਸੇਲ੍ਹਾ ਲੈ ਕੇ ਅੱਗੇ ਵਧਿਆ। ਪ੍ਰੋਹਿਤ ਦਯਾ ਰਾਮ, ਨੰਦ ਚੰਦ, ਗੰਗਾ ਰਾਮ, ਗੁਲਾਬ ਚੰਦ ਨੇ ਜੀਤ ਮੱਲ ਦੀ ਮ੍ਰਿਤੂ ਦੇ ਗੁੱਸਾ ਖਾ ਕੇ ਫੇਰ ਹਮਲਾ ਕੀਤਾ। ਬਹੁਤੀ ਪਹਾੜੀ ਸੈਨਾ ਭੱਜ ਗਈ, ਪਰ ਗ਼ਾਜ਼ੀ ਨੇ ਹੌਂਸਲੇ ਨਾਲ ਮੁਕਾਬਲਾ ਕੀਤਾ। ਇਕ ਦੋ ਜੋਧਿਆਂ ਤੇ ਉਸ ਨੇ ਸੇਲ੍ਹੇ ਦੇ ਵਾਰ ਕੀਤੇ। ਸੈਨਾਪਤੀ ਸੰਗੋਸ਼ਾਹ ਨੂੰ ਲਲਕਾਰ ਕੇ ਉਸ ਤਲਵਾਰ ਕਢ ਲਈ, ਪਰ ਸੰਗੋਸ਼ਾਹ ਨੇ ਥੋੜੀ ਜਿਹੀ ਲੜਾਈ ਮਗਰੋਂ ਹੀ ਆਪਣੀ ਖੜਗ ਨਾਲ ਉਸ ਦਾ ਸਿਰ ਧੜ ਤੋਂ ਜੁਦਾ ਕਰ ਦਿੱਤਾ। ਇਹ ਦੇਖ ਕੇ ਫ਼ਤਿਹ ਸ਼ਾਹ ਆਪਣੀ ਉਹ ਥਾਂ ਵੀ ਛੱਡ ਦੌੜਿਆ।

"ਹੁਣ ਪਠਾਣਾਂ ਨੇ ਆਪਣਾ ਆਖਰੀ ਦਾਅ ਵੀ ਲਾ ਦਿੱਤਾ। ਨਿਜਾਬਤ ਦੀ ਅਗਵਾਈ ਵਿਚ ਉਹ ਫੇਰ ਅੱਗੇ ਵੱਧੇ। ਸੰਗੋਸ਼ਾਹ ਤੇ ਨਿਜਾਬਤ ਆਹਮੋ ਸਾਹਮਣੇ ਹੋ ਗਏ। ਉਨ੍ਹਾਂ ਦਾ ਮੁਕਾਬਲਾ ਠਣ ਗਿਆ। ਦੋਵੇਂ ਇਕ ਦੂਜੇ ਦਾ ਵਾਰ ਬਚਾ ਕੇ ਵਾਰ ਕਰਦੇ ਸਨ। ਫੇਰ ਵੀ ਜ਼ਖ਼ਮੀ ਤੇ ਲਹੂ ਲੁਹਾਨ ਹੋਏ ਉਹ ਪਲਾਹ ਦੇ ਫੁੱਲਦਾਰ ਦਰਖ਼ੱਤ ਜਾਪਦੇ ਸਨ। ਉਹ ਪੱਬਾਂ ਭਾਰ ਹੋ ਹੋ ਕੇ ਵਾਰ ਕਰਦੇ ਸਨ, ਪਰ ਦੋਹਾਂ ਵਿਚੋਂ ਕੋਈ ਵੀ ਇਕ ਉਂਗਲ



www.AKJ.Org

ਪਿਛਾਂਹ ਨਹੀਂ ਸੀ ਹਟਦਾ। ਆਖ਼ਰ ਦੋਵੇਂ ਯੋਧੇ ਚੋਟਾਂ ਖਾ ਖਾ ਕੇ ਝੂਮਣ ਲਗ ਪਏ। ਅੰਤ ਸੰਗਸ਼ਾਹ ਦੇ ਇਕ ਭਰਵੇਂ ਵਾਰ ਨਾਲ ਨਿਜਾਬਤ ਖ਼ਾਨ ਨੂੰ ਮਾਰ ਕੇ ਸੰਗੋਸ਼ਾਹ ਜੀ ਵੀ ਵੀਰ ਗਤੀ ਪ੍ਰਾਪਤ ਕਰ ਗਏ। ਸੰਗੋ ਜੀ ਦਾ ਜੁੱਧ ਦੇਖ ਕੇ ਕਲਗੀਧਰ ਜੀ ਨੇ ਉਨ੍ਹਾਂ ਨੂੰ 'ਸ਼ਾਹ ਸੰਗ੍ਰਾਮ' ਦਾ ਖ਼ਿਤਾਬ ਦਿਤਾ।

"ਹੁਣ ਗੁਰੂ ਜੀ ਨੇ ਜੰਗ ਦੀ ਕਮਾਨ ਆਪ ਸੰਭਾਲੀ। ਗੁਰੂ ਜੀ ਨੇ ਇਕ ਤਿੱਖਾ ਤੀਰ ਛੱਡਿਆ, ਜੋ ਇਕ ਨਾਇਬ ਖ਼ਾਨ ਨੂੰ ਲਗਾ ਤੇ ਉਸ ਪਾਣੀ ਵੀ ਨਾ ਮੰਗਿਆ। ਦੂਜਾ ਤੀਰ ਇਕ ਹੋਰ ਪਠਾਣ ਦੇ ਕੰਨ ਵਿਚੋਂ ਖੁਭ ਕੇ ਦੂਸਰੇ ਬੰਨੇ ਨਿਕਲ ਗਿਆ। ਇੰਨੇ ਨੂੰ ਉਨ੍ਹਾਂ ਨੂੰ ਨਿਮਕ-ਹਰਾਮ ਭੀਖਣ ਖ਼ਾਨ ਦਿਸ ਪਿਆ। ਸਤਿਗੁਰਾਂ ਤਾਣ ਕੇ ਤੀਰ ਮਾਰਿਆ, ਜੋ ਉਸ ਦੇ ਮੂੰਹ ਤੇ ਲੱਗਾ ਤੇ ਉਸ ਦਾ ਮੂੰਹ ਲਹੂ ਨਾਲ ਲਥ-ਪਥ ਹੋ ਗਿਆ। ਖ਼ਾਨ ਘੋੜਾ ਦੁੜਾ ਕੇ ਨੱਸਣ ਲੱਗਾ, ਪਰ ਦੂਸਰਾ ਤੀਰ ਉਸ ਦੇ ਘੋੜੇ ਨੂੰ ਲੈ ਗਿਆ। ਘੋੜੇ ਨੂੰ ਉੱਥੇ ਹੀ ਛਡ ਕੇ ਭੀਖ਼ਣ ਖ਼ਾਨ ਡਰਦਾ ਮਾਰਾ ਮੈਦਾਨ ਛੱਡ ਗਿਆ। ਗੁਰੂ ਜੀ ਦਾ ਵੀਰ ਰਸੀ ਕ੍ਰੋਧ ਦੇਖ ਕੇ ਨੰਦ ਚੰਦ ਤੇ ਦਯਾ ਰਾਮ ਪ੍ਰੋਹਤ ਧਾਵਾ ਕਰ ਕੇ ਪਏ ਤੇ ਰਹੇ-ਖੁਹੇ ਪਠਾਣਾਂ ਨੂੰ ਭਜਾ ਦਿਤਾ। ਜਿਹੜੇ ਉਨ੍ਹਾਂ ਅੱਗੇ ਅੜੇ, ਸੋ ਝੜੇ।

"ਹਰੀ ਚੰਦ, ਜੋ ਜੀਤ ਮੱਲ ਜੀ ਦੇ ਤੀਰ ਨਾਲ ਮੂਰਛਤ ਹੋ ਗਿਆ ਸੀ, ਹੋਲੀ ਹੋਲੀ ਹੋਸ਼ ਵਿਚ ਆਇਆ ਤਾਂ ਉਸ ਪਠਾਣਾਂ ਨੂੰ ਭੱਜੇ ਜਾਂਦੇ ਤੇ ਗੁਰੂ ਦਲ ਨੂੰ ਫ਼ਤਹ ਪਾ ਕੇ ਵਧਦੇ ਦੇਖਿਆ। ਉਸ ਬੀਰ ਕੋਲੋਂ ਇਹ ਗੱਲ ਸਹਾਰੀ ਨਾ ਗਈ। ਉਹ ਆਪਣੇ ਗਹਿਰੇ ਜ਼ਖ਼ਮ ਦੀ ਪਰਵਾਹ ਨਾ ਕਰਦਾ ਹੋਇਆ ਫੇਰ ਵਧਿਆ। ਉਸ ਨੇ ਆਪਣਾ ਧਨਖ ਸੰਭਾਲਿਆ ਤੇ ਤੀਰਾਂ ਤੇ ਤੀਰ ਛਡੇ। ਜਿਸ ਨੂੰ ਉਸ ਦਾ ਤੀਰ ਲਗਦਾ ਸੀ ਉਹ ਜੀਉਂਦਾ ਨਹੀਂ ਸੀ ਬਚਦਾ। ਫੇਰ ਵੀ ਗੁਰੂ ਦੇ ਜੋਧੇ-ਸਿਖ ਪਿਛਾਂਹ ਨਹੀਂ ਸਨ ਪੈਰ ਪਾਉਂਦੇ। ਹਰੀ ਚੰਦ ਦਾ ਰੋਹ ਵਧ ਗਿਆ। ਉਸ ਨੇ ਦੋ ਦੋ ਤੀਰ ਇਕੱਠੇ ਖਿਚ ਖਿਚ ਕੇ ਮਾਰਨੇ ਸ਼ੁਰੂ ਕੀਤੇ। ਭਾਵੇਂ ਸਵਾਰ ਹੋਵੇ ਭਾਵੇਂ ਘੋੜਾ, ਜਿਸ ਨੂੰ ਤੀਰ ਲਗਦਾ ਸੀ ਬਚ ਨਹੀਂ ਸੀ ਸਕਦਾ। ਗੁਰੂ ਜੀ ਇਸ ਬਾਂਕੇ ਬਹਾਦਰ ਨੂੰ ਦੇਖ ਕੇ ਅੱਗੇ ਵਧੇ। ਹਰੀ ਚੰਦ ਨੇ ਗੁਰੂ ਜੀ ਨੂੰ ਦੇਖ ਕੇ ਤੀਰ ਮਾਰਿਆ। ਹਰੀ ਚੰਦ ਦਾ ਹੱਥ ਹਿਲ ਗਿਆ ਤੇ ਗੁਰੂ ਜੀ ਦੇ ਘੋੜੇ ਟਪਾਉਣ ਦੇ ਬਾਵਜੂਦ ਘੋੜੇ ਨੂੰ ਲਗ ਹੀ ਗਿਆ, ਪਰ ਘੋੜੇ ਨੇ ਆਪਣੀ ਤੇ ਜ਼ੀ ਨੂੰ ਕਾਇਮ ਰਖਿਆ। ਪਰਬਤ-ਪਤੀ ਨਿਸ਼ਾਨਾ ਚੁੱਕਾ ਦੇਖ ਕੇ ਹੋਰ ਗੁੱਸੇ ਵਿਚ ਆਇਆ। ਮਹਾਨ ਨਿਰਭੈ ਜੋਧੇ ਕਲਗੀਧਰ ਜੀ ਨੂੰ ਸਾਹਮਣੇ ਦੇਖ ਕੇ ਉਸ ਫੇਰ ਤੀਰ ਮਾਰਿਆ। ਗੁਰੂ ਜੀ ਨੇ ਫੁਰਤੀ ਨਾਲ ਮੂੰਹ ਫੇਰ ਲਿਆ ਤੇ ਤੀਰ ਕੰਨ ਨੂੰ ਛੂਹ ਕੇ ਤਰਾਰਾ ਬੰਨ੍ਹ ਗਿਆ। ਹਰੀ ਚੰਦ ਬੜਾ ਹੈਰਾਨ ਹੋਇਆ। ਸੋਚਣ ਲਗਾ, 'ਮੈਨੂੰ ਕੀ ਹੋ ਗਿਆ ਹੈ ਜੋ ਮੇਰੇ ਅਚੂਕ ਨਿਸ਼ਾਨੇ ਨਿਸਫਲ ਜਾ ਰਹੇ ਹਨ। ਖ਼ਬਰੇ ਮੈਂ ਅੱਜ ਜੁਧ ਹਾਰ ਜਾਣਾ ਹੈ ! ਫੇਰ ਹਰੀ ਚੰਦ ਨੇ ਪਰਖ ਕੇ ਤਿੱਖਾ ਤੀਰ ਭੱਥੇ ਵਿਚੋਂ ਖਿਚਿਆ ਤੇ ਕਮਾਨ ਤੇ ਚਾੜ੍ਹ ਕੇ ਚਲਾਇਆ। ਤੀਰ ਫੁੰਕਾਰਦਾ ਹੋਇਆ ਆਇਆ ਤੇ ਗੁਰੂ ਜੀ ਦੀ ਪੇਟੀ ਵਿਚ ਖੁਭ ਗਿਆ। ਗੁਰੂ ਜੀ ਨੂੰ ਜ਼ਰਾ ਕੁ ਚੰਝ ਚੁਭੀ। ਤੀਰ ਨੂੰ ਖਿਚ ਕੇ ਸੁਟਦਿਆਂ ਗੁਰੂ ਜੀ ਦਾ ਰੋਹ ਹੋਰ ਵਧ ਗਿਆ। ਉਨ੍ਹਾਂ ਨੇ ਵਿਅੰਗ ਵਿਚ ਪ੍ਰਸੰਸਾ ਰਲਾ ਕੇ ਕਿਹਾ, ' ਵਾਹ ! ਖ਼ੂਬ ਹੈ, ਰਾਜਾ ਜੀ, ਤੁਹਾਡੀ ਧਨੁਰ ਵਿਦਿਆ ! ਤੁਸੀਂ ਤਿੰਨ ਵਾਰ ਕਰ ਚੁੱਕੇ ਹੋ। ਹੁਣ ਮੇਰੇ ਵਾਰ ਦੀ ਵਾਰੀ ਹੈ।'

"ਗੁਰੂ ਜੀ ਨੇ ਇਕ ਤਿੱਖਾ ਤੀਰ ਕੱਢ ਕੇ ਆਪਣੇ ਕਰੜੇ ਧਨਖ ਤੇ ਚੜ੍ਹਾ ਕੇ ਖਿੱਚਿਆ। ਉਨ੍ਹਾਂ ਦਾ ਸੱਜਾ ਹੱਥ ਕੰਨ ਨੂੰ ਜਾ ਲਗਾ। ਹਰੀ ਚੰਦ ਨੇ ਨਿਸ਼ਾਨਾ ਉਕਾਉਣ ਲਈ ਘੋੜੇ ਨੂੰ ਬਥੇਰਾ ਟਪਾਇਆ, ਪਰ ਗੁਰੂ ਜੀ ਦਾ ਤੀਰ ਸ਼ੂਕਦਾ ਗਿਆ। ਤੇ ਹਰੀ ਚੰਦ ਦੀ ਛਾਤੀ ਨੂੰ ਚੀਰ ਦੁਸਾਰ-ਪਾਰ ਹੋ ਗਿਆ। ਹਰੀ ਚੰਦ ਇਉਂ ਡਿਗਾ ਜਿਵੇਂ ਪੁਰਾਣਾ ਰੁੱਖ ਹਨੇਰੀ ਨੇ ਪੁਟ ਮਾਰਿਆ ਹੋਵੇ। ਗੁਰੂ ਜੀ ਨੇ ਤੀਰਾਂ ਦੀ ਬਰਖਾ ਕਰ ਦਿਤੀ। ਮਗਰੋਂ ਗੁਰੂ-ਦਲ ਨੇ ਇਕੱਠੇ ਹੋ ਕੇ ਮਹਾਂ ਭਿਆਨਕ ਹੱਲਾ ਕਰ ਦਿਤਾ। ਪਹਾੜੀ ਰਾਜਿਆਂ ਦੀ ਰਹੀ-ਖੁਹੀ ਸੈਨਾ ਵਿਚ ਭਗਦੜ ਮਚ ਗਈ। ਕਾਰੇੜ ਰਾਇ, ਕੋਟ ਲੇਹਰ ਦੇ ਰਾਜੇ ਨੂੰ ਵੀ ਗੁਰੂ ਜੀ ਦਾ ਇਕ ਤੀਰ ਲਗਾ ਤੇ ਉਹ ਸੁਆਸ ਤਿਆਗ ਗਿਆ। ਭਾਜੜ ਐਸੀ ਪਈ ਕਿ ਕਈ ਪਹਾੜਾਂ ਤੇ ਜਾ ਚੜ੍ਹੇ, ਕਈ ਗਿਰੀ ਤੇ ਜਮਨਾ ਵਿਚ ਡੁੱਬ ਮੋਏ, ਕੁਝ ਤਰ ਕੇ ਪਾਰ ਜਾ ਅਪੜੇ, ਕਈ ਰਾਜ ਪੁਰੇ ਨੂੰ ਉਠ ਭੱਜੇ। ਸਤਿਗੁਰੂ ਨੇ ਗੁਰੂ-ਦਲ ਨੂੰ ਪਿਛਾ ਕਰਨ ਤੋਂ ਰੋਕ ਦਿਤਾ ਅਤੇ ਨਦੀ ਪਾਰ ਕਰਨ ਵਾਲਿਆਂ ਤੇ ਹਮਲਾ ਵੀ ਬੰਦ ਕਰਵਾ ਦਿਤਾ।

"ਜਿਤ-ਪ੍ਰਾਪਤੀ ਮਗਰੋਂ ਸਤਿਗੁਰਾਂ ਨੇ ਖੜਗ-



www.AKJ.Org

ਕੇਤ ਵਾਹਿਗੁਰੂ ਜੀ ਅੱਗੇ ਸ਼ੁਕਰਾਨੇ ਦੀ ਅਰਦਾਸ ਕੀਤੀ। ਸ਼ਹੀਦਾ ਤੇ ਗ਼ਾਜ਼ੀਆਂ ਨੂੰ ਚਰਨਾਂ ਵਿਚ ਨਿਵਾਸ ਬਖਸ਼ਣ ਦੀ ਬੇਨਤੀ ਕੀਤੀ। ਸ਼ਾਹ ਸੰਗ੍ਰਾਮ, ਜੀਤ ਮੱਲ ਤੇ ਹੋਰ ਜੋਧਿਆਂ ਦੇ ਸਸਕਾਰ ਕਰਵਾਏ। ਪੀਰ ਬੁੱਧੂ ਸ਼ਾਹ ਦੇ ਪੁੱਤਰਾਂ ਅਤੇ ਹੋਰ ਮੁਰੀਦ ਗਾਜ਼ੀਆਂ ਦਾ ਦਫ਼ਨ ਵੀ ਗੁਰੂ ਜੀ ਨੇ ਆਪਣੀ ਹਾਜ਼ਰੀ ਵਿਚ ਕਰਵਾਇਆ। ਫਟੜਾਂ ਦੀ ਫ਼ੌਰੀ ਮਲ੍ਹਮ ਪੱਟੀ ਤੋਂ ਮਗਰੋਂ ਉਨ੍ਹਾਂ ਨੂੰ ਪਾਉਂਟੇ ਆਰਾਮ ਨਾਲ ਚੁੱਕ ਕੇ ਲੈ ਜਾਣ ਦੇ ਪਰਬੰਧ ਪੂਰੇ ਕੀਤੇ। ਦੁਸ਼ਮਨ ਦੇ ਜ਼ਖ਼ਮੀਆਂ ਦੀ ਵੀ ਮਲ੍ਹਮ ਪੱਟੀ ਕਰ ਕੇ ਪਾਉਂਟੇ ਪਹੁੰਚਾਇਆ ਗਿਆ। ਇਹ ਸਾਰੇ ਫ਼ੌਰੀ ਕੰਮ ਕਰ ਚੁੱਕਣ ਮਗਰੋਂ ਸਤਿਗੁਰੂ ਚਾਰ ਘੜੀ ਰਾਤ ਬੀਤਣ ਮਗਰੋਂ ਆਪਣੇ ਅਸਥਾਨ ਪਹੁੰਚੇ। ਸ਼ਸ਼ਤਰ-ਬਸਤਰ ਉਤਾਰ ਕੇ ਇਸ਼ਨਾਨ ਕੀਤਾ। ਧਿਆਨ ਵਾਹਿਗੁਰੂ ਵਿਚ ਜੋੜਿਆ। ਪੀਰ ਬੁੱਧੂ ਦੇ ਸਪੁੱਤਰਾਂ, ਸੰਗੋਸ਼ਾਹ, ਸ਼ਾਹ ਸੰਗ੍ਰਾਮ ਤੇ ਜੀਤ ਮਲ ਭਰਾਵਾਂ, ਪੀਰ ਜੀ ਦੇ ਮੁਰੀਦ ਤੇ ਆਪਣੇ ਪਿਆਰੇ ਸਿਖਾਂ ਦੀ ਗਤੀ ਲਈ ਵਾਹਿਗੁਰੂ ਦੇ ਚਰਨਾਂ ਵਿਚ ਫੇਰ ਅਰਦਾਸ ਕੀਤੀ।

"ਪ੍ਰਾਤਾਕਾਲ ਆਸਾ ਦੀ ਵਾਰ ਦਾ ਕੀਰਤਨ ਹੋਇਆ, ਜੀਉਂਦੇ ਸ਼ਹੀਦਾ ਨੇ ਨਾਮ ਜਪਿਆ ਤੇ ਪਾਠ ਕੀਤੇ, ਗੁਰਬਾਣੀ ਦਾ ਗਾਇਨ ਹੋਇਆ। ਵੱਡਾ ਦੀਵਾਨ ਸਜਿਆ। ਉਸ ਸਮੇਂ ਪੀਰ ਬੁੱਧੂ ਸ਼ਾਹ ਆਪਣੇ ਬਾਕੀ ਪੁੱਤਰਾਂ ਤੇ ਮੁਰੀਦਾਂ ਨੂੰ ਲੈ ਕੇ ਹਾਜ਼ਰ ਹੋਇਆ। ਗੁਰੂ ਜੀ ਨੇ ਪੀਰ ਨੂੰ ਆਪਣੇ ਲਾਗੇ ਬਿਠਾ ਕੇ ਕਿਹਾ, 'ਤੁਸੀਂ ਸਚ ਮੁਚ ਦੇ ਪੀਰ ਹੋ।' ਪੀਰ ਜੀ ਨੇ ਝੁਕ ਕੇ ਬੰਦਨਾ ਕੀਤੀ। ਸਤਿਗੁਰੂ ਜੀ ਦੇ ਨੈਣ ਵਿਚ ਨੈਣ ਜੋੜ ਕੇ ਪੀਰ ਜੀ ਨੇ ਕਿਹਾ, 'ਸਤਿਗੁਰੂ, ਆਪ ਦਿਆਂ ਨੈਣਾਂ ਵਿਚ ਮੇਰੇ ਪੁੱਤਰਾਂ ਤੇ ਮੁਰੀਦਾਂ ਲਈ ਕਰੁਣਾ ਲਿਸ਼ਕਦੀ ਹੈ। ਇਹ ਆਪ ਦਾ ਕਰਮ ਹੈ। ਮਰਨਾ ਇਕ ਦਿਨ ਸਾਰਿਆਂ ਨੇ ਹੈ, ਪਰ ਨੇਕ ਕੰਮ ਕਰਦਿਆਂ ਮਰਨਾ ਕਿਸੇ ਕਿਸੇ ਦੇ ਹਿੱਸੇ ਆਉਂਦਾ ਹੈ। ਫੇਰ ਮੇਰੇ ਪਿਆਰੇ ਮੁਰੀਦ ਤੇ ਬੱਚੇ ਤਾਂ ਤੁਹਾਡੇ ਕੰਮ ਆਏ ਹਨ। ਉਹ ਤਾਂ ਸਿੱਧੇ ਬਹਿਸ਼ਤਾਂ ਵਿਚ ਗਏ। ਇਸ ਲਈ , ਹੇ ਪੀਰਾਂ ਦੇ ਪੀਰ, ਸੱਚ ਜਾਣੋ, ਮੇਰੇ ਮਨ ਵਿਚ ਜ਼ਰਾ ਵੀ ਰੰਜ ਨਹੀਂ, ਗ਼ਮ ਨਹੀਂ, ਅਫ਼ਸੋਸ ਨਹੀਂ !'

"ਪੀਰ ਜੀ, ਤੁਸੀਂ ਵੱਡੇ ਮਹਾਂ ਪੁਰਸ਼ ਹੋ। ਤੁਹਾਨੂੰ ਉੱਤਮ ਪਦ ਪ੍ਰਾਪਤ ਹੋਇਆ ਹੈ। ਸ਼ਾਹ ਜੀ, ਮੇਰੀ ਭੂਆ ਜੀ ਦੇ ਜਿਗਰ ਦੇ ਟੋਟੇ, ਸ਼ਾਹ ਸੰਗ੍ਰਾਮ ਤੇ ਜੀਤ ਮਲ ਵੀ, ਜੋ ਸਦਾ ਸਾਡੇ ਅੰਗ ਸੰਗ ਰਹਿੰਦੇ ਸਨ, ਇਸ ਜੁੱਧ ਵਿਚ ਸ਼ਹੀਦ ਹੋਏ ਹਨ। ਮੇਰੇ ਸਿੱਖ ਜੋ ਮੈਨੂੰ ਆਪਣੇ ਭਰਾਵਾਂ ਤੇ ਪੁੱਤਰਾਂ ਤੋਂ ਵਧ ਪਿਆਰੇ ਹਨ, ਸੈਂਕੜਿਆਂ ਦੀ ਗਿਣਤੀ ਵਿਚ ਸ਼ਹੀਦ ਹੋਏ ਹਨ। ਤੁਹਾਡੇ ਮੁਰੀਦ ਵੀ ਮੈਨੂੰ ਆਪਣੇ ਸਿੱਖਾਂ ਵਾਂਗ ਪਿਆਰੇ ਹਨ ਅਤੇ ਤੁਹਾਡੇ ਪੁੱਤਰਾਂ ਵਿਚ ਮੈਂ ਸ਼ਾਹ ਸੰਗ੍ਰਾਮ ਤੇ ਜੀਤ ਮਲ ਜੀ ਨੂੰ ਦੇਖਦਾ ਹਾਂ !'

"ਕਿਰਪਾ-ਨਿਧਾਨ ਸਤਿਗੁਰੂ ਜੀ ਨੇ ਖ਼ਜਾਨੇ ਵਿਚੋਂ ਪੰਜ ਹਜ਼ਾਰ ਰੁਪਏ ਮੰਗਵਾ ਕੇ ਪਰਸ਼ਾਦ ਦੇ ਤੌਰ ਤੇ ਮੁਰੀਦਾ ਨੂੰ ਬਖਸ਼ੇ। ਉਸੇ ਸਮੇਂ ਇਹ ਕੀਟ ਵੀ ਹਾਜ਼ਰ ਹੋਇਆ। ਜਦ ਦਾਸ ਚਰਨ-ਬੰਦਨਾ ਕਰ ਚੁੱਕਾ ਤਾਂ ਸਤਿਗੁਰਾਂ ਉਸ ਸਨਮਾਨ ਨਾਲ ਮੈਨੂੰ ਦਰਬਾਰ ਵਿਚ ਬੈਠਾਇਆ ਜਿਸ ਦੇ ਮੈਂ ਕਿਸੇ ਤਰ੍ਹਾਂ ਵੀ ਯੋਗ ਨਹੀਂ ਸੀ। ਗਰੀਬ-ਨਿਵਾਜ ਨੇ ਕੀਟ ਤੇ ਮਿਹਰ ਕੀਤੀ ਤੇ ਤਿੰਨ ਵਾਰੀ 'ਸਾਧੂ, ਸਾਧੂ, ਸਾਧੂ ' ਕਿਹਾ ਅਤੇ ਜੋ ਸਭ ਤੋਂ ਵੱਧ ਕਿਰਪਾ ਉਨ੍ਹਾਂ ਨੇ ਕੀਤੀ" ਇਹ ਕਹਿੰਦੀਆਂ ਮਹੰਤ ਜੀ ਦੀਆਂ ਅੱਖਾਂ ਵਿਚ ਮੋਤੀਆਂ ਵਰਗੀ ਡਲ੍ਹਕ ਆਈ ਤੇ ਅਵਾਜ਼ ਗਦ ਗਦ ਹੋ ਉੱਠੀ, "ਉਹ ਇਹ ਸੀ ਕਿ ਸਾਹਿਬਾਂ ਆਪਣੇ ਵਾਸਤੇ ਰੱਖੀ ਰੇਸ਼ਮੀ ਦਸਤਾਰ ਮੇਰੇ ਸੀਸ ਉਤੇ ਬੰਨ੍ਹਵਾ ਦਿਤੀ ਅਤੇ ਫ਼ੁਰਮਾਇਆ, 'ਤੁਹਾਡੀ ਸੰਪ੍ਰਦਾ ਲਈ ਗੁਰੂ ਘਰ ਦਾ ਇਹ ਤਕਮਾ ਸਦਾ ਭੂਸ਼ਣ ਬਣਿਆ ਰਹੇਗਾ ਤੇ ਇਹ ਸਦਾ ਤੁਹਾਨੂੰ ਗੁਰੂ ਘਰ ਨਾਲ ਜੋੜੀ ਰਖੇਗਾ।' ਜਦ ਮੈਂ ਸੀਸ ਨਿਵਾਇਆ ਤਾਂ ਗੁਰੂ ਜੀ ਦੀ ਕਿਰਪਾ-ਦ੍ਰਿਸ਼ਟੀ ਪ੍ਰੋਹਿਤ ਦਯਾ ਰਾਮ ਜੀ ਤੇ ਹੋਈ। ਫ਼ੁਰਮਾਇਆ, 'ਦਯਾ ਰਾਮ ਜੀ, ਤੁਸੀਂ ਦਰੋਣਾਚਾਰਯ ਵਾਂਗ ਸ਼ੁੱਧ ਜੁੱਧ ਕੀਤਾ ਹੈ। ਤੁਹਾਡੀ, ਸਾਡੇ ਹੱਥ ਦਾ ਇਹ ਦਾਲਾ, ਸਦਾ ਪਾਲਣਾ ਕਰਦਾ ਰਹੇਗਾ। ਉੱਠੋ ਤੇ ਇਸ ਨੂੰ ਸੰਭਾਲੋ।' ਦਯਾ ਰਾਮ ਜੀ ਨੇ ਡੰਡੌਤ ਬੰਦਨਾ ਕਰ ਕੇ ਇਹ ਦਾਲਾ ਆਪਣੇ ਸਿਰ ਤੇ ਰੱਖ ਲਿਆ।

" ਇਸ ਤੋਂ ਮਗਰੋਂ ਤਿੰਨ ਭਰਾਵਾਂ ਗ਼ਾਜ਼ੀ ਗੁਲਾਬ, ਗੰਗਾ ਰਾਮ ਤੇ ਮਾਹਰੀ ਚੰਦ ਤੇ ਬਖ਼ਸ਼ਿਸ਼ਾਂ ਹੋਈਆਂ। ਬਾਕੀ ਜੋਧਿਆਂ ਨੂੰ ਸਿਰੋਪਾਓ ਮਿਲੇ। ਦੀਵਾਨ ਦੀ ਸੰਪੂਰਨਤਾ ਉਪਰੰਤ 'ਅਕਾਲ ! ਅਕਾਲ ! ਦੇ ਨਾਹਰੇ ਗੂੰਜ ਉੱਠੇ ਤੇ ਰਣਜੀਤ ਨਗਾਰੇ ਦੀ ਘੁੰਮਕਾਰ ਨੇ ਜਮਨਾ ਦੇ ਜਲ, ਦੋਹਾਂ ਕੰਢਿਆਂ ਦੇ ਥਲ, ਅਤੇ ਬਣਾਂ ਸਮੇਤ ਪਹਾੜ ਥੱਰਾ ਦਿਤੇ।

"ਸਤਿਗੁਰੂ ਮਹੱਲਾਂ ਵਿਚ ਪਹੁੰਚੇ। ਪਰਸਾਦ ਛਕ



www.AKJ.Org

ਕੇ ਆਰਾਮ ਕੀਤਾ। ਫੇਰ ਉੱਠ ਕੇ ਸਾਵਧਾਨ ਹੋਏ। ਬਦਲਣ ਲਈ ਕਕਰੇਜ਼ੀ ਰੰਗ ਦੀ ਦਸਤਾਰ ਮੰਗਾਈ। ਕੰਘੇ ਨਾਲ ਕੇਸ ਸਵਾਰ ਰਹੇ ਸਨ ਕਿ ਪੀਰ ਬੁੱਧੂ ਸ਼ਾਹ ਜੀ ਵਿਦਾ ਲੈਣ ਲਈ ਹਾਜ਼ਰ ਹੋਏ। ਅੱਲਾ ਦਾ ਨਾਂ ਲੈ ਕੇ ਸਲਾਮ ਕੀਤੀ ਤੇ ਬੇਨਤੀ ਕੀਤੀ, 'ਸੱਚੇ ਪਾਤਸ਼ਾਹ, ਮੈਨੂੰ ਵੀ ਤੁਹਾਡੇ ਦਰੋਂ ਬਖ਼ਸ਼ਸ਼ ਚਾਹੀਦੀ ਹੈ......'

"ਸਤਿਗੁਰਾਂ ਫ਼ੁਰਮਾਇਆ, ਪੀਰ ਜੀ, ਗੁਰੂ ਘਰ ਵਿਚ ਸਭ ਕੁਝ ਸਿੱਖਾਂ ਤੇ ਖ਼ੁਦਾ ਦੇ ਪਿਆਰਿਆ ਦਾ ਹੈ। ਜੋ ਚਾਹੋਂ ਹਾਜ਼ਰ ਹੈ।'

"ਤਾਂ, ਸਾਹਿਬੋ !' ਪੀਰ ਜੀ ਬੇਨਤੀ ਕੀਤੀ, 'ਆਪ ਕੰਘੇ ਵਿਚ ਆਪਣੇ ਕੇਸਾਂ ਸਮੇਤ ਇਹ ਕੰਘਾ ਆਪਣੀ ਯਾਦ ਦੇ ਤੌਰ ਤੇ ਬਖ਼ਸ਼ਸ਼ ਫ਼ਰਮਾਓ ! ਮੈਂ ਇਹ ਮੰਗ ਕਰਨ ਦੇ ਲਾਇਕ ਤਾਂ ਨਹੀਂ..........'

"ਸਤਿਗੁਰਾਂ ਨੇ ਹੋਰ ਗੱਲ ਕਰਨ ਤੋਂ ਪਹਿਲਾਂ ਤਹਿ ਕੀਤੀ ਨਵੀਂ ਦਸਤਾਰ ਚੁੱਕ ਕੇ ਉੱਪਰ ਕੇਸਾਂ ਸਮੇਤ ਆਪਣਾ ਕੰਘਾ ਰੱਖ ਦਿਤਾ ਤੇ ਇਕ ਛੋਟੀ ਕਿਰਪਾਨ ਮੰਗਾ ਕੇ ਉਨ੍ਹਾਂ ਦੇ ਬਰਾਬਰ ਰੱਖ ਕੇ ਆਪਣੇ ਪਵਿੱਤਰ ਹੱਥਾਂ ਨਾਲ ਪੀਰ ਜੀ ਨੂੰ ਬਖ਼ਸ਼ੀ, ਜੋ ਪੀਰ ਜੀ ਨੇ ਸਿਰ ਤੇ ਰੱਖ ਕੇ ਗ੍ਰਹਿਣ ਕੀਤੀ ਅਤੇ ਉਸੇ ਤਰ੍ਹਾਂ ਦਾਤਾਂ ਸਿਰ ਤੇ ਚੁੱਕੀ ਸੁਦੌਰੇ ਲਈ ਰਵਾਨਾ ਹੋਏ।"

ਮਹੰਤ ਕਿਰਪਾਲ ਜੀ ਨੇ ਅੰਤ ਵਿਚ ਕਿਹਾ, "ਇਹੋ ਜਹੇ ਅਸਚਰਜ ਕੌਤਕ ਸਨ, ਮੇਰੇ ਸਤਿਗੁਰੂ ਦੇ। ਉਨ੍ਹਾਂ ਨੇ ਅਨੰਦਪੁਰ ਵਿਚ ਧਰਮ-ਰੱਖਿਆ ਲਈ ਝੰਡਾ ਗੱਡਿਆ ਹੈ। ਓਹ ਕਿਲ੍ਹੇ ਬਣਵਾ ਰਹੇ ਹਨ। ਸਿਖੋ, ਵਹੀਰਾਂ ਪਾ ਦਿਓ। ਅਸਤਰ -ਸ਼ਸਤਰ ਤੇ ਘੋੜੇ ਲੈ ਕੇ ਪਹੁੰਚੋ। ਧਰਮ-ਰੱਖਿਆ ਵਿਚ ਸ਼ਾਮਲ ਹੋਵੋ। ਮਹਾਂਬੀਰ ਨਿਰਭੈ ਜੋਧੇ, ਕਲਗੀਧਰ ਸਾਡੇ ਗੁਰੂ ਹਨ।"

"ਧੰਨ ਗੁਰੂ ! ਧੰਨ ਗੁਰੂ ! ਧੰਨ ਗੁਰੂ ! " ਦੀਆਂ ਅਵਾਜ਼ਾਂ ਸਾਧ ਸੰਗਤ ਵਿਚੋਂ ਉੱਠੀਆਂ। ਤੇ ਫੇਰ ਸੰਗਤ ਵਿਚੋਂ ਇਕ ਨੌਜੁਆਨ ਗਲੇ ਨੇ ਨਾਹਰਾ ਲਾਇਆ, "ਬੋਲੇ ਸੋ ਨਿਹਾਲ" ਤੇ ਉੱਤਰ ਵਿਚ ਸੈਂਕੜੇ ਨਰ-ਨਾਰੀਆਂ ਨੇ ਗੱਜ ਕੇ ਨਾਹਰਾ ਲਾਇਆ, " ਸਤਿ ਸ੍ਰੀ ਅਕਾਲ !" ਜਿਵੇਂ ਇਹ ਆਪਣੇ ਸਤਿਗੁਰੂ ਤੋਂ ਸਭ ਕੁਝ ਵਾਰਨ ਦਾ ਦ੍ਰਿੜ੍ਹ ਬਚਨ ਹੋਵੇ। ******

(ਸਮਾਪਤ)

(ਪੰਨਾ ੨੮ ਦਾ ਬਾਕੀ....)

ਹੋਣੀ ਹੈ ਤਾਂ ਗੁਰੂ ਨਾਨਕ ਸਾਹਿਬ ਦੇ ਘਰੋਂ ਹੀ ਹੋਣੀ ਹੈ ਜਿਸਦਾ ਭਾਗ ਖੁਲਦਾ ਹੈ, ਓਹੀ ਸਚੇ ਸਤਿਗੁਰੂ ਦੇ ਦਰੋਂ ਘਰੋਂ ਵਰੋਸਾਉਂਦਾ ਹੈ :-

ਸਤਿਗੁਰ ਵਿਚਿ ਵਡੀਆ ਵਡਿਆਈਆ
ਭਾਈ ਕਰਮਿ ਮਿਲੈ ਤਾਂ ਪਾਇ।।

(ਸਲੋਕ ਵਾਰਾਂ ਤੇ ਵਧੀਕ)

ਧੁਰੋਂ ਬਖਸ਼ਸ਼ ਵਾਲੇ ਭਾਗ (ਕਰਮ) ਜਿਨਾਂ ਦੇ ਜਾਗ ਪਏ ਹਨ ਓਨਾਂ ਨੂੰ ਸਚੇ ਵਾਹਿਗੁਰੂ ਦੀ ਪ੍ਰਾਪਤੀ ਹੁੰਦਿਆਂ ਇਕ ਬਿਲਮ ਨਹੀਂ ਲਗਦੀ। ਇਸ ਬਖਸ਼ਸ਼ ਨੂੰ ਕੋਈ ਮੇਟ ਨਹੀਂ ਸਕਦਾ।

ਕਰਮਿ ਮਿਲੈ ਤਾਂ ਪਾਈਐ ਧੁਰਿ ਬਖਸ ਨ ਮੇਟੈ ਕੋਇ।।

ਗੁਰਮੁਖਾਂ ਦੀ ਸੰਗਤਿ ਦਾ ਮਿਲਣਾ ਭੀ ਭਾਗਾਂ ਕਰਕੇ ਹੀ ਹੈ। ਤਿਸ ਸਤਿਸੰਗ ਰੂਪੀ ਸਥਾਨ ਵਿਖੇ ਬੈਠ ਕੇ ਅਤੇ ਗੁਰਮੁਖਾਂ ਪਿਆਰਿਆਂ ਨਾਲਿ ਰਲ ਮਿਲਕੇ ਵਾਹਿਗੁਰੂ ਦੇ ਗੁਣ ਗਾਵਣ ਨਾਲਿ ਦਾਤਾ ਦਿਆਲ ਹੁੰਦਾ ਹੈ। ਇਹ ਦਇਆਲਤਾ ਵਾਹਿਗੁਰੂ ਨਾਲਿ ਮੇਲਣ ਦੀ ਸਫਲ ਸੁਭਾਗਤਾ ਹੈ।

ਕਰਮੁ ਹੋਵੈ ਸਤਿਸੰਗ ਮਿਲਾਏ।।
ਹਰਿ ਗੁਣ ਗਾਵੈ ਬੈਸਿ ਸੁ ਥਾਏ।।

(ਗਉੜੀ ਗੁਆਰੇਰੀ ਮਹਲਾ ੩)

ਸਗੁਰੇ ਜਗਿਆਸੂ ਦਾ ਅਪਨਾਇਆ ਹੋਇਆ ਸਤਿਗੁਰੂ ਗੁਰੂ ਨਾਨਕ ਦਸਮੇਸ ਤਿਸ ਨੂੰ ਤੁਠ ਕੇ ਨਾਮ ਦੀ ਦਾਤਿ ਦਿੰਦਾ ਹੈ, ਉਸ ਦੇ ਮਸਤਕ ਉਤੇ ਇਸ ਨਾਮ ਪ੍ਰਾਪਤੀ ਦੇ ਭਾਗ ਦੀ ਰੇਖਾ ਪਹਿਲਾਂ ਹੀ ਲਿਖੀ ਹੁੰਦੀ ਹੈ।

ਨਾਮੁ ਗੁਰ ਦੀਓ ਹੈ ਅਪਨੈ ਜਾਕੈ ਮਸਤਕਿ ਕਰਮਾ।।
ਨਾਮੁ ਦ੍ਰਿੜਾਵੈ ਨਾਮੁ ਜਪਾਵੈ ਤਾ ਕਾ ਜੁਗ ਮਹਿ ਧਰਮਾ।।

ਐਸੀ ਦਾਤਿ ਬਖਸੰਦ ਦਾ ਬਖਸਿਆ ਹੋਇਆ ਗੁਰਮੁਖ ਜਨ ਅਪਨੇ ਕਰਮੀ ਕਮਲ ਜਮਾਲ ਦੇ ਕ੍ਰਿਸ਼ਮੇ ਨਾਲਿ ਹੋਰਨਾ ਸੰਗੀਆਂ ਨੂੰ ਭੀ ਨਾਮ ਤ੍ਰਿੰਗਤਾ ਦੀ ਪ੍ਰੇਰਨਾ ਕਰਕੇ ਪੰਜਾਂ ਪਿਆਰਿਆਂ ਦੀ ਸਰਣਾਗਤਿ ਲਿਆ ਕੇ ਗੁਰੂ ਸਮਰਥ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਬਾਰੋ ਨਾਮ ਦਿਵਾਉਂਦਾ, ਨਾਮ ਜਪਾਉਂਦਾ, ਅਤੇ ਨਾਮ ਦ੍ਰਿੜਾਉਂਦਾ ਹੈ। ਇਹ ਕਲਜੁਗ ਵਿਖੇ ਏਹੋ ਪੁੰਨ ਧਰਮ ਅਜੇਹੇ ਗੁਰਮੁਖਾਂ ਨੇ ਖਟਿਆ ਹੈ। ਇਹ ਪੁੰਨ ਧਰਮ ਕਰਮ ਓਹਨਾਂ ਦਾ ਸਚਾ ਧਰਮ ਆਹਰ ਹੋ ਗਿਆ ਹੈ। ਲਿਖਤ ਲਿਲਾਟੀ ਕਰਮ (ਭਾਗਾਂ) ਦੀ ਸਚੀ ਖੇਡ ਹੈ ਜਿਸ ਨੂੰ ਖਿਡਾਏ ਉਹੀ ਖੇਡਦਾ ਹੈ।

(ਚਲਦਾ)



www.AKJ.Org

# ਸਿੱਖੀ ਭਾਵਨਾਵਾਂ ਨਾਲ ਖਿਲਵਾੜ ਕਦੋਂ ਤਕ ?

ਇਹ ਗਲ ਜਗ ਜਾਹਰ ਹੈ ਕਿ ਜਿਹੜੀਆਂ ਕੌਮਾਂ ਦੇ ਵਾਰਸ ਪਹਿਰੇਦਾਰ ਬਣਕੇ ਜਾਗਦੇ ਹਨ, ਉਨ੍ਹਾਂ ਕੌਮਾਂ ਦੇ ਰਹਿਬਰਾਂ ਇਸ਼ਟ ਧਾਰਮਿਕ ਗ੍ਰੰਥਾਂ ਬਾਰੇ ਕਿਸੇ ਨੂੰ ਕੋਈ ਗਲਤ ਗਲ ਲਿਖਣ ਦੀ ਕਦੀ ਹਿੰਮਤ ਵੀ ਨਹੀਂ ਪੈਂਦੀ, ਅਤੇ ਜੇਕਰ ਕੋਈ ਐਸੀ ਹਿਮਾਕਤ ਕਰਦਾ ਹੈ ਤਾਂ ਉਸਨੂੰ ਖਮਿਆਜ਼ਾ ਵੀ ਭੁਗਤਣਾ ਪੈਂਦਾ ਹੈ।ਇਸ ਗਲ ਦਾ ਸਬੂਤ ਇਸਲਾਮ ਹਜ਼ਰਤ ਮਹੁੰਮਦ ਸਾਹਿਬ ਬਾਰੇ ਕੁਝ ਇਤਰਾਜ਼ਯੋਗ ਲਿਖਣ ਵਾਲੇ 'ਗਲਤਾਨ ਰਸਦੀ ਤਸਲੀਮ ਨਗਰੀਨ' ਵਰਗੇ ਲੇਖਕ ਸਿਰ ਲੁਕਾਉਂਦੇ ਫਿਰ ਰਹੇ ਹਨ। ਪਰ ਇਸਦੇ ਉਲਟ ਸਾਡੀ ਸਿਖ ਕੌਮ ਦੇ ਵਾਰਸ ਅੱਜ ਦਾਅਵੇਦਾਰ ਤਾਂ ਹਨ ਪਰ ਪਹਿਰੇਦਾਰ ਨਹੀਂ, ਇਸੇ ਲਈ ਕਈ ਬਾਰ ਕੁਝ ਲੇਖਕਾਂ ਵਲੋਂ ਗੁਰੂ ਸਾਹਿਬਾਨ ਗੁਰਬਾਣੀ ਬਾਰੇ ਗਲਤ ਬਿਆਨੀ ਕਰਨ ਦੀਆਂ ਲਿਖਤਾਂ ਸਾਹਮਣੇ ਆਉਂਦੀਆਂ ਹਨ, ਜਿਵੇਂ ਕਿ ਇਸਾਈ ਮੱਤ ਦੇ ਪੈਰੋਕਾਰ ਸੰਤ ਹਰਭਜਨ ਸਿੰਘ ਆਸਟ੍ਰੇਲੀਅਨ (ਉਪਨ ਡੋਰ ਚਰਚ, ਪਿੰਡ ਖੇਜੇਵਾਲ P O ਖੈਹਰਾਂ ਮੱਝਾ, ਜ਼ਿਲਾ ਕਪੂਰਥਲਾ) ਵਲੋਂ ਲਿਖੀ ਅਤੇ ਪ੍ਰਕਾਸ਼ਿਤ ਪੁਸਤਕ "ਪ੍ਰਭੂ ਕੌਣ ਹੈ' ਵਿੱਚ ਲੇਖਕ ਵਲੋਂ ਗੁਰਬਾਣੀ ਦੇ ਅਰਥ ਆਪਣੀ ਮਰਜ਼ੀ ਅਨੁਸਾਰ ਕਰਕੇ ਹਜ਼ਰਤ ਈਸਾ ਮਸੀਹ ਨੂੰ ਪ੍ਰਭੂ ਸਾਬਤ ਕਰਨ ਅਤੇ ਗੁਰੂ ਸਾਹਿਬਾਨ ਨੂੰ ਈਸਾ ਮਸੀਹ ਦਾ ਉਪਾਸ਼ਕ ਦਸੱਣ ਦਾ ਕੋਝਾ ਯਤਨ ਕੀਤਾ ਹੈ।

ਲੇਖਕ ਵਲੋਂ ਇਸ ਪੁਸਤਕ ਦੇ ਪੰਨਾ 11 ਉਪਰ ਗੁਰੂ ਗੋਬਿੰਦ ਸਿੰਘ ਜੀ ਰਚਿਤ ਚੌਪਾਈ ਵਿਚੋਂ "*ਆਦਿ ਅੰਤ ਏਕੈ ਅਵਤਾਰਾ, ਸੋਈ ਗੁਰੂ ਸਮਝਿਉ ਹਮਾਰਾ।*' ਪੰਕਤੀਆਂ ਲੈ ਕੇ ਬਾਈਬਲ ਦੇ ਹਵਾਲੇ ਰਾਹੀਂ ਇਹ ਸਾਬਤ ਕਰਨ ਦੀ ਕੋਝੀ ਹਰਕਤ ਕੀਤੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਈਸਾ ਮਸੀਹ ਨੂੰ ਆਪਣਾ ਇਸ਼ਟ ਮੰਨ ਰਹੇ ਹਨ।

ਇਸੇ ਪੁਸਤਕ ਦੇ ਪੰਨਾ 20 ਉਪਰ ਲੇਖਕ ਕੁਫਰ ਤੋਲਦਾ ਹੈ :- "ਪ੍ਰਭੂ ਦਾ ਸ਼ਬਦ ਸਿਰਫ ਯਿਸੂ ਮਸੀਹ ਦੇ ਨਾਮ ਦੇ ਨਾਲ ਹੀ ਲਗਦਾ ਹੈ।

ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਧੰਨ ਧੰਨ ਜੋ ਜਨ ਆਇਆ ਗੁਰ ਪ੍ਰਸਾਦਿ ਜਿਸ ਜਗਤ ਤਰਾਇਆ। (ਸੁਖਮਨੀ ਸਾਹਿਬ)

ਕਿਤੇ ਯਿਸੂ ਮਸੀਹ ਨੂੰ ਕਰਤਾ ਪੁਰਖ ਕਿਹਾ ਗਿਆ ਹੈ ਕਿਤੇ ਗੁਰਬਾਣੀ ਵਿੱਚ ਯਿਸੂ ਮਸੀਹ ਨੂੰ ਦੁਨੀਆਂ ਦੇ ਤਾਰਨਹਾਰ ਕਿਹਾ ਗਿਆ ਹੈ। ਕਿਤੇ ਉਸਨੂੰ ਗੁਰਬਾਣੀ ਵਿਚ ਬੱਨਾ (ਪੁੱਤਰ) ਕਿਹਾ ਗਿਆ ਹੈ। ਕਿਤੇ ਉਸਨੂੰ ਗੁਰਬਾਣੀ ਵਿੱਚ ਅਵਤਾਰ ਕਿਹਾ ਗਿਆ ਹੈ। ਕਿਤੇ ਉਸਨੂੰ ਗੁਰਬਾਣੀ ਵਿੱਚ ਸੰਸਾਰ ਦਾ ਮੁਕਤੀ ਦਾਤਾ, ਕਿਤੇ ਉਸਨੂੰ ਗੁਰਬਾਣੀ ਵਿੱਚ ਧੁਰਿ ਕੀ ਬਾਣੀ ਕਿਹਾ ਗਿਆ ਹੈ। ਕਿਤੇ ਉਸਨੂੰ ਗੁਰਬਾਣੀ ਵਿੱਚ ਪਵਿੱਤਰ ਪੁਰਖ ਕਿਹਾ ਗਿਆ ਹੈ। ਕਿਤੇ ਉਸਨੂੰ ਗੁਰਬਾਣੀ ਵਿੱਚ ਆਦਿ ਤੇ ਅੰਤ ਕਿਹਾ ਗਿਆ ਹੈ। ਕਿਤੇ ਉਸਨੂੰ ਗੁਰਬਾਣੀ ਵਿੱਚ ਸ਼ਬਦ ਕਿਹਾ ਗਿਆ ਹੈ। ਗੁਰਬਾਣੀ ਵਿੱਚ ਉਸਨੂੰ ਵੱਖ ਵੱਖ ਨਾਮ ਦਿਤੇ ਗਏ ਹਨ। ਇਹ ਨਾਂ ਕਿਸੇ ਇਨਸਾਨ ਨਾਲ ਸੰਬੰਧ ਰੱਖਦੇ ਹਨ। ਬਾਈਬਲ ਦੇ ਮੁਤਾਬਕ ਇਹ ਇਨਸਾਨ ਪ੍ਰਭੂ ਯਿਸੂ ਮਸੀਹ ਹੈ।"

ਇਸੇ ਹੀ ਪੰਨਾ 20 ਉਪਰ ਲਿਖਿਆ ਹੈ :-

"ਸ੍ਰੀ ਗੁਰੂ ਗੋਬਿੰਦ ਸਿੰਘ ਦਸਮ ਗ੍ਰੰਥ
ਪੁਨ ਹਾਕਮ ਕਾ ਕਾਟਾ ਸੀਸਾ
ਸ੍ਰੀ ਅਸਕੇਤ ਜਗਤ ਕੇ ਈਸਾ (ਈਸਾ ਮਸੀਹ)

ਇਥੇ ਤਾਂ ਯਿਸੂ ਮਸੀਹ ਦਾ ਨਾਂ ਹੀ ਆ ਗਿਆ ਹੁਣ ਸ਼ੱਕ ਦੀ ਕੋਈ ਗੁੰਜਾਇਸ਼ ਹੀ ਨਹੀਂ।"

ਇਸੇ ਪੁਸਤਕ ਦੇ ਪੰਨਾ 28 ਉੱਪਰ ਲਿਖਿਆ ਹੈ :-

"ਪੰਨਾ 628 ਸ਼ਬਦ ਗੁਰੂ ਅਰਜਨ ਦੇਵ ਜੀ *ਪਰਮੇਸਰਿ ਦਿਤਾ ਬੰਨਾ ਦੁਖ ਰੋਗ ਕਾ ਡੇਰਾ ਭੰਨਾ।* ਇਸ ਦਾ ਅਰਥ ਹੈ ਪ੍ਰਮੇਸ਼ਵਰ ਨੇ ਸਾਨੂੰ ਇੱਕ ਪੁਤਰ ਬਖਸ਼ਿਆ ਹੈ। ਉਸ ਦੇ ਨਾਂ ਵਿੱਚ ਹੀ ਦੁੱਖਾਂ ਮੁਸੀਬਤਾਂ ਪ੍ਰੇਸ਼ਾਨੀਆਂ ਦਾ ਇਲਾਜ਼ ਹੋਣਾ ਹੈ। ਜਿਹੜੀਆਂ ਬਿਮਾਰੀਆਂ ਤੁਹਾਡੇ ਘਰਾਂ ਵਿੱਚ ਕਈ ਮਹੀਨਿਆਂ ਤੋਂ ਜਾਂ ਕਈ ਸਾਲਾਂ ਤੋਂ ਡੇਰਾ ਲਾ ਕੇ ਬੈਠੀਆਂ ਹਨ, ਉਹ ਪੁੱਤਰ (ਯਿਸੂ ਮਸੀਹ) ਦੇ ਨਾਮ ਵਿੱਚ ਹੀ ਜਾਣੀਆਂ ਹਨ।

ਇਸੇ ਤਰਾਂ ਹੋਰ ਵੀ ਕਈ ਗੁਰਬਾਣੀ ਪੰਕਤੀਆਂ ਦੇ ਸੋਚੀ ਸਮਝੀ ਸਾਜਿਸ਼ ਤਹਿਤ ਗਲਤ ਅਰਥ ਕਰਕੇ ਲੋਕਾਂ ਨੇ ਗੁਰੂ ਸਾਹਿਬਾਨ ਗੁਰਬਾਣੀ ਪ੍ਰਤੀ ਭੰਬਲ ਭੂਸੇ ਪਾਉਣ ਦੀ ਕੋਝੀ ਕੋਸ਼ਿਸ਼ ਕੀਤੀ ਗਈ ਹੈ। ਪੁਸਤਕ ਵਿਚੋਂ ਦਿੱਤੇ ਉਪਰੋਕਤ ਹਵਾਲਿਆਂ ਵਿਚੋਂ ਲੇਖਕ ਦੀ ਸਿੱਖ ਧਰਮ ਨੂੰ ਨੀਵਾਂ ਅਤੇ ਈਸਾਈ ਧਰਮ ਨੂੰ ਸ੍ਰੇਸ਼ਟ



www.AKJ.Org

ਦਸਣ ਦੀ ਬਦਨੀਅਤ ਸਪਸ਼ਟ ਝਲਕਦੀ ਹੈ।

ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਆਪਣੀਆਂ ਧਾਰਮਿਕ ਜਿੰਮੇਵਾਰੀਆਂ ਪ੍ਰਤੀ ਜਾਗਦੇ ਹੋਣ ਦਾ ਸਬੂਤ ਦਿੰਦੇ ਹੋਏ ਸਾਡੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਇਸ ਪੁਸਤਕ ਦੇ ਲੇਖਕ ਦੇ ਖਿਲਾਫ ਇਕ ਰੋਸ ਲਹਿਰ ਦੇ ਰੂਪ ਵਿੱਚ ਉਠ ਖੜੇ ਹੋਈਏ ਤਾਂ ਜੇ ਅੱਗੇ ਤੋਂ ਕੋਈ ਹੋਰ ਵੀ ਐਸੀ ਗਲਤ ਬਿਆਨੀ ਕਰਨ ਦੀ ਹਿੰਮਤ ਨਾ ਕਰ ਸਕੇ।

ਅੰਤ ਵਿੱਚ ਸਮੂਹ ਗੁਰੂ ਨਾਨਕ ਨਾਮ ਲੇਵਾ ਸਿੱਖਾਂ, ਧਾਰਮਿਕ ਜਥੇਬੰਦੀਆਂ, ਗੁਰਦੁਆਰਾ ਕਮੇਟੀਆਂ ਨੂੰ ਸਨਿਮਰ ਨੂੰ ਬੇਨਤੀ ਹੈ ਕਿ ਅਸੀਂ ਸਾਰੇ ਇੱਕ ਇੱਕ ਰੋਸ ਪੱਤਰ ਇਸ ਪੁਸਤਕ ਦੇ ਲੇਖਕ ਦੇ ਨਾਮ (ਪਤਾ ਉਪਰ ਦਿੱਤਾ ਹੈ ) ਤੁਰੰਤ ਲਿਖ ਦੇਈਏ, ਅਤੇ ਉਸਦਾ ਇੱਕ ਇੱਕ ਉਤਾਰਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਜ ਕੇ ਪੁਸਤਕ ਦੇ ਲੇਖਕ ਖਿਲਾਫ ਯੋਗ ਕਾਨੂੰਨੀ ਕਾਰਵਾਈ ਕਰਨ ਲਈ ਬੇਨਤੀ ਕਰੀਏ ਤਾਂ ਜੋ ਇਹੋ ਜਿਹੇ ਲੇਖਕਾਂ ਨੂੰ ਸਪਸ਼ਟ ਪਤਾ ਲਗ ਸਕੇ ਕਿ ਸਿੱਖ ਆਪਣੇ ਧਰਮ ਗੁਰੂ ਸਾਹਿਬਾਨ ਗੁਰਬਾਣੀ ਪ੍ਰਤੀ ਗਫਲਤ ਦੀ ਨੀਂਦਰ ਵਿੱਚ ਸੁੱਤੇ ਹੋਏ ਨਹੀਂ, ਸਗੋਂ ਜਾਗਦੇ ਹਨ ਅਤੇ ਆਪਣੇ ਫਰਜ਼ਾਂ ਨੂੰ ਨਿੱਜੀ ਅਤੇ ਜਥੇਬੰਦਕ ਪੱਧਰ ਤੇ ਪਹਿਚਾਣਦੇ ਹੋਏ ਪਹਿਰੇਦਾਰੀ ਵੀ ਕਰਨੀ ਜਾਣਦੇ ਹਨ। (ਵਲੋਂ ਸਾਧ ਸੰਗਤ ਕਪੂਰਥਲਾ)

(ਪੰਨਾ ੩ ਦਾ ਬਾਕੀ)

ਵਾਹਿਗੁਰੂ ਦੇ ਚਰਨ ਕੰਵਲਾਂ ਨੂੰ ਪਰਸਨ ਲਈ ਪਰਤੱਖ ਦਰਸ਼ਨ ਲਈ ਜਪ ਤਪ ਬਰਤ ਆਦਿ ਕਰਮ ਕੀਤੇ ਸਭੇ ਹੀ ਅਕਾਰਥ ਹਨ। ਇਹਨਾਂ ਆਨਮਤ ਕਰਮ ਦੇ ਕੀਤਿਆਂ ਤਪਤਿ ਨਹੀਂ ਬੁਝਦੀ। ਬੁਝਦੀ ਹੈ ਤਾਂ ਸਮਰੱਥ ਸੁਆਮੀ ਅਕਾਲ ਪੁਰਖ ਦੇ ਚਰਨ ਸ਼ਰਨ ਆਇਆਂ ਹੀ ਬੁਝਦੀ ਹੈ, ਅਤੇ ਅਕਾਲ ਪੁਰਖ ਦੀ ਚਰਨ ਸ਼ਰਨ ਨੂੰ ਪ੍ਰਾਪਤਿ ਹੋਈਦਾ ਹੈ ਤਾਂ ਨਿਰੰਕਾਰੀ ਸਤਿਗੁਰੂ ਦੇ ਬਖਸ਼ੇ ਨਿਰੰਕਾਰੀ ਨਾਮ ਦੀ ਗੁਰਮਤਿ ਦਰਸਾਈ ਅਭਿਆਸ ਕਮਾਈ ਦੁਆਰਾ ਪ੍ਰਾਪਤ ਹੋਈਦਾ ਹੈ ਯਥਾ ਗੁਰਵਾਕ :-

ਜਪ ਤਪ ਬਰਤ ਕੀਨੇ ਪੇਖਨ ਕਉ ਚਰਣਾ ਰਾਮ।।
ਤਪਤਿ ਨ ਕਤਹਿ ਬੁਝੈ ਬਿਨੁ ਸੁਆਮੀ ਸਰਣਾ ਰਾਮ।।੨।।
(੪।।੩।।੬।।) (ਬਿਹਾਗੜਾ ਮ: ੫, ਪੰਨਾ ੫੪੫)

(ਪੰਨਾ ੬ ਦਾ ਬਾਕੀ ..)

ਦੀ ਜੀਵ ਨੂੰ ਲੰਘਣਾ ਪੈਂਦਾ ਹੈ, ਜਿਥੇ ਮਹਾਂ ਭਿਆਨਕ ਤਪਤ ਵਾਲੀ ਗਰਮੀ ਪੈਂਦੀ ਹੈ ਅਤੇ ਧੁੱਪ ਹੀ ਧੁੱਪ ਉਥੇ ਰਹਿੰਦੀ ਹੈ। ਜਿਨ੍ਹਾਂ ਨਾਮ-ਕਮਾਈਆਂ ਕੀਤੀਆਂ ਹੁੰਦੀਆਂ ਹਨ ਤਿਨ੍ਹਾਂ ਨੂੰ ਇਹਨਾਂ ਮਹਾਂ ਭਿਆਨਕ ਤਪਤ ਘਾਮਾਂ ਵਿਖੇ ਵਾਹਿਗੁਰੂ ਨਾਮ ਦੀ ਛਾਉਂ ਛਾਇਆ ਬਣ ਕੇ ਸਿਰ ਤੇ ਛਾਈ ਰਹਿੰਦੀ ਹੈ। ਫੇਰ ਅਗੇ ਜਾ ਕੇ ਐਨੇ ਡੂੰਗਰ ਥਾਵਾਂ ਵਿਚ ਦੀ ਭੀ ਦੇਹੀਉਂ ਛੁਟੇ ਜੀਵ ਨੂੰ ਲੰਘਣਾ ਪੈਂਦਾ ਹੈ ਜਿਥੇ ਕਿਤੇ ਪੀਣ ਨੂੰ ਪਾਣੀ ਨਹੀਂ ਮਿਲਦਾ ਅਤੇ ਬੜੀ ਡਾਢੀ ਤ੍ਰਿਖਾ (ਤ੍ਰੇਹ ਪਿਆਸ) ਜੀਵ ਨੂੰ ਕਣਤਾਉਂਦੀ ਤੜਫਾਉਂਦੀ ਹੈ। ਨਿਰੰਕਾਰੀ ਨਾਮ ਦੇ ਅਭਿਆਸ-ਚਾਰੀਆਂ ਨੂੰ ਤਿਥੇ ਹੀ ਅੰਮ੍ਰਿਤ ਦੀ ਬਰਖਾ ਫੁਹਾਰਿਆਂ ਵਾਂਗੂ ਪੈ ਪੈ ਕੇ ਤ੍ਰਿਪਤਾਉਂਦੀ ਰਹਿੰਦੀ ਹੈ। ਏਹ ਅਗੇ ਦੇ ਵਰਤਾਉ ਦਾ ਪਰਤੱਖ ਨਜ਼ਾਰਾ ਹੈ, ਜੋ ਨਦਰ-ਕਰੰਮੀਆਂ ਪੇਖਿਆ-ਪਰਖਿਆ ਹੈ, ਜਿਸ ਵਿਚ ਸ਼ਕ ਸ਼ਿਕਾਇਤ ਦੀ ਗੁੰਜਾਇਸ਼ ਨਹੀਂ। ਪਰ ਅਸ਼ਰਧਕ ਸੰਸਾਰੀਆਂ ਮਾਇਆ-ਧਾਰੀਆਂ, ਅੰਧ ਅੰਧਾਰੀਆਂ ਦੀ ਐਸੀ ਗਤੀ ਹੋਇ ਰਹੀ ਹੈ ਕਿ ਜੋ ਠਾਕਰ ਸਦ ਸਦਾ ਹਜ਼ੂਰੇ ਹੈ, ਸੋ ਦੂਰ ਹੀ ਦਿਖਦਾ ਹੈ। ਜਿਸ ਵਾਹਿਗੁਰੂ ਦੀ ਸਿਮਰਨ-ਮਈ ਸੇਵਾ ਟਹਿਲ ਕੀਤਿਆਂ ਦਰਗਹਿ ਮਾਨ ਪਾਈਦਾ ਹੈ, ਮੁਗਧ ਅਜਾਣ ਮਨਮੁਖੀ ਬੰਦੇ ਤਿਸ ਨੂੰ ਵਿਸਾਰੀ ਫਿਰਦੇ ਹਨ। ਹਾਲਾਂਕਿ ਗੁਰਬਾਣੀ ਧੁਰੋਂ ਆਈ ਗੁਰਸਿਖਾਂ ਦੀ ਇਸ਼ਟ ਬਾਣੀ, ਪੁਕਾਰ ਪੁਕਾਰ ਕੇ ਦ੍ਰਿੜ੍ਹਾ ਰਹੀ ਹੈ ਕਿ ਵਾਹਿਗੁਰੂ ਦਾ ਨਾਮ ਜਪਣ ਕਰਕੇ ਦਰਗਹਿ ਮਾਣ ਪ੍ਰਾਪਤ ਹੁੰਦਾ ਹੈ ਅਤੇ ਪਤਿ ਪਰਤਿਸ਼ਟਾ ਸੇਤੀ ਘਰ ਧਾਮ ਵਸੇਰਾ ਪ੍ਰਾਪਤ ਹੁੰਦਾ ਹੈ। ਫੇਰ ਭੀ ਸਿਖ ਸਦਾਉਣ ਵਾਲੇ,ਸਿਖੀ ਦਾ ਦਾਅਵਾ ਕਰਨ ਵਾਲੇ ਕਖ ਕਰਕੇ ਨਹੀਂ ਕੁਛ ਸਮਝਦੇ ਅਤੇ ਗੁਰਵਾਕਾਂ ਤੇ ਪ੍ਰਤੀਤ ਨਹੀਂ ਕਰਦੇ। ਯਥਾ :-

ਜੋ ਠਾਕੁਰ ਸਦ ਸਦਾ ਹਜੂਰੇ।।
ਤਾ ਕਉ ਅੰਧਾ ਜਾਨਤ ਦੂਰੇ।।
ਜਾ ਕੀ ਟਹਲ ਪਾਵੈ ਦਰਗਹ ਮਾਨੁ।।
ਤਿਸਹਿ ਬਿਸਾਰੈ ਮੁਗਧੁ ਅਜਾਨੁ।।...(ਪੰ: ੨੬੭)
ਪ੍ਰਭ ਜੀ ਜਪਤ ਦਰਗਹ ਮਾਨ ਪਾਵਹਿ।।
ਨਾਨਕ ਪਤਿ ਸੇਤੀ ਘਰਿ ਜਾਵਹਿ ।।
(ਸੁਖਮਨੀ ਸਾਹਿਬ, ਅਸਟ: ੪, ੬)

(ਅਣਡਿਠੀ ਦੁਨੀਆਂ ਵਿਚੋਂ) (ਪੰਨਾ੨੭੦)



www.AKJ.Org

# ਭਗਤਾਂ ਦੀ ਬਾਣੀ ਕਿਵੇਂ ਰਚੀ ਗਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਈ

ਪਹਿਲਾ ਪ੍ਰਸ਼ਨ ਇਹ ਹੈ ਕਿ ਕੀ ਸਚਮੁਚ ਹੀ ਇਹ ਸਾਰੇ ਭਗਤ ਜਿਨ੍ਹਾਂ ਦੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲੇ ਹੀ ਹੋਏ ਹਨ ? ਇਸ ਸੰਬੰਧੀ ਇਕ ਨਵੀਨ ਖੋਜ ਅਨੁਸਾਰ ਇਹ ਦਰਸਾਇਆ ਗਿਆ ਹੈ ਕਿ ਇਹ ਸਾਰੇ ਭਗਤ ਸ੍ਰੀ ਗੁਰੂ ਨਾਨਕ ਦੇਵ ਜੀ ਜਾਂ ਹੋਰ ਕਿਸੇ ਪਾਵਨ ਗੁਰ ਵਿਅਕਤੀ ਦੇ ਸਮਕਾਲੀ ਸਨ ਤੇ ਉਨ੍ਹਾਂ ਨੇ ਗੁਰੂ ਸਾਹਿਬ ਪਾਸੋਂ ਸਤਿਨਾਮ ਦੀ ਪ੍ਰਾਪਤੀ ਕੀਤੀ ਸੀ। ਭਾਵ ਇਹ ਕਿ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਖ ਬਣੇ ਸਨ। ਕਮਾਈਆਂ ਉਨ੍ਹਾਂ ਦੀਆਂ ਪਹਿਲਾਂ ਹੀ ਅਤੁਟ ਸਨ ਭਾਵੇਂ ਉਹ ਕਿਰਤਮ ਨਾਮਾਂ ਦੀਆਂ ਹੀ ਸਨ। ਪਰ ਉਨ੍ਹਾਂ ਕਮਾਈਆਂ ਸਦਕਾ ਉਨ੍ਹਾਂ ਦੇ ਹਿਰਦੇ ਨਿਰਮਲ ਹੋ ਚੁਕੇ ਸਨ। ਕੇਵਲ ਕਸਰ ਸਤਿਨਾਮ ਦੀ ਪ੍ਰਾਪਤੀ ਦੀ ਸੀ। ਇਸ ਦੇ ਮਿਲਦੀਆਂ ਹੀ ਉਨ੍ਹਾਂ ਦੇ ਕਪਾਟ ਖੁਲ੍ਹ ਗਏ। ਜੀਉਂਦੇ ਜੀ ਹੀ ਉਹ ਉਹ ਸੱਚ-ਖੰਡ ਵਾਸੀ ਬਣ ਗਏ। ਉਨ੍ਹਾਂ ਤੇ ਹੋਰ ਤੁੱਠ ਕੇ ਸਤਿਗੁਰੂ ਜੀ ਨੇ ਰਚਨਾ ਰਚਨ ਲਈ ਆਗਿਆ ਕੀਤੀ। ਜੋ ਰਚਨਾ ਇਸ ਤਰ੍ਹਾਂ ਸਤਿਗੁਰੂ ਜੀ ਦੀ ਨਦਰ ਤੇ ਮਿਹਰਾਮਤ ਸਦਕਾ ਰਚੀ ਗਈ, ਉਹ ਤੇ ਕੇਵਲ ਉਹ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਗਈ। ਕਿਉਂਕਿ ਹੁਣ ਉਹ ਬਾਣੀ ਪਾਰਬ੍ਰਹਮ ਰੂਪ ਸ੍ਰੀ ਗੁਰੂ ਨਾਨਕ ਜੀ ਦੀ ਮੇਹਰ ਸਦਕਾ ਰਚੀ ਗਈ ਸੀ ਇਸ ਲਈ ਇਹ ਧੁਰ ਕੀ ਬਾਣੀ ਸੀ। ਵਖੋ ਵਖ ਭਗਤਾਂ ਸੰਬੰਧੀ ਇਹ ਖੋਜ ਸੰਖੇਪ ਰੂਪ ਵਿਚ ਇਸ ਪਰਕਾਰ ਹੈ :

੧) ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਇਕ ਕੀਮਤੀ ਸੂਚਨਾ ਪੰਜ ਵਾਰੀ ਇਸ ਤਰ੍ਹਾਂ ਲਿਖੀ ਹੈ :

ਕਬੀਰ ਨਾਮਾ ਭਗਤ ਗੁਰੂ ਬਾਬੇ ਦੇ।।

੨) ਭਗਤ ਸ੍ਰੀ ਰਾਮਾ ਨੰਦ ਜੀ ਦਾ ਮੇਲ ਗੁਰੂ ਨਾਨਕ ਜੀ ਨਾਲ ਹੋਇਆ। ਇਕ ਪੁਰਾਤਨ ਗ੍ਰੰਥ "ਪ੍ਰਾਣ ਸੰਗਲੀ" ਅਨੁਸਾਰ ਸ੍ਰੀ ਰਾਮਾ ਨੰਦ ਜੀ ਦੇ ਵਾਕ ਹਨ :

ਐਸੇ ਗੁਰੂ ਗਿਆਨ ਜੀਵਤ ਹੀ ਮੂਆ।<br>
ਰਾਮਾਨੰਦ ਸੁਆਮੀ ਨਿਹਚਲ ਹੂਆ।<br>
ਕ੍ਰਿਪਾ ਕਰਿ ਗੁਰ ਨਾਨਕ,<br>
ਰਾਮਾ ਨੰਦ ਸ਼ਿਸ਼ਯ ਕੀਆ।<br>
ਖੰਡ ਮੰਡਲ ਕਾ ਬੀਚਾਰ ਦੀਆ।

੩) ਭਗਤ ਕਬੀਰ ਜੀ, ਰਵਿਦਾਸ ਜੀ, ਪੀਪਾ ਜੀ ਤੇ ਸੈਣ ਜੀ ਇਹ ਸਾਰੇ ਭਗਤ ਰਾਮਾਨੰਦ ਜੀ ਦੇ ਚੇਲੇ ਸਨ। ਜਦ ਰਾਮਾਨੰਦ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸਤਿਨਾਮ ਲੈ ਕੇ ਬ੍ਰਹਮ ਅਨੰਦ ਵਿਚ ਮਗਨ ਹੋ ਗਏ ਤਾਂ ਉਨ੍ਹਾਂ ਦੇ ਚੇਲਿਆਂ ਤੇ ਵੀ ਇਸ ਦਾ ਪ੍ਰਭਾਵ ਪੈਣਾ ਕੁਦਰਤੀ ਸੀ। ਸੋ ਉਨ੍ਹਾਂ ਸਭਨਾਂ ਨੇ ਵੀ ਸਤਿਗੁਰੂ ਜੀ ਦੇ ਚਰਨ ਪਰਸ ਕੇ ਸਤਿਨਾਮ ਦੀ ਪ੍ਰਾਪਤੀ ਕੀਤੀ। ਖਾਸ ਕਰ ਭਗਤ ਕਬੀਰ ਰਚਿਤ ਬਾਵਨ ਅਖਰੀ ਦੇ ਹਰ ਪਦ ਦਾ ਮੁਢਲਾ ਅੱਖਰ, ਕੱਕਾ, ਖੱਖਾ, ਗੱਗਾ ਆਦਿ ਗੁਰਮੁਖੀ ਉਚਾਰਨ ਦੇ ਰੂਪ ਵਿਚ ਹੈ। ਸੋ ਸਪਸ਼ਟ ਹੈ ਕਿ ਗੁਰੂ ਨਾਨਕ ਪੱਧਤੀ ਦੀ ਮੂਲ ਵਸਤੂ ਗੁਰੂ ਨਾਨਕ ਜੀ ਤੋਂ ਹੀ ਕਬੀਰ ਜੀ ਨੂੰ ਮਿਲੀ।

੪) ਨਾਮ ਦੇਵ ਜੀ ਦਖਣ ਵਿਚ ਕਮਾਰ ਤੀਰਥ ਤੇ ਗੁਰੂ ਨਾਨਕ ਜੀ ਨੂੰ ਮਿਲੇ ਤੇ ਸਤਿਨਾਮ ਦੀ ਪ੍ਰਾਪਤੀ ਕੀਤੀ। ਉਸ ਤੋਂ ਪਿਛੋਂ ਉਹ ੨੦-੨੫ ਸਾਲ ਪੰਜਾਬ ਵਿਚ ਰਹੇ।

੫) ਭਗਤ ਤ੍ਰਿਲੋਚਨ ਜੀ ਬਾਰੇ ਸਭ ਤੋਂ ਮਹਤਵ ਪੂਰਨ ਗਵਾਹੀ ਗੁਰੂ ਅਰਜਨ ਦੇਵ ਜੀ ਦਾ ਇਹ ਮਹਾਂਵਾਕ ਹੈ :

ਤ੍ਰਿਲੋਚਨ ਗੁਰ ਮਿਲਿ ਭਈ ਸਿਧਿ।। (ਪੰਨਾ੧੧੯੨)

ਭਾਵ: ਤ੍ਰਿਲੋਚਨ ਜੀ ਨੂੰ ਗੁਰੂ ਨਾਨਕ ਜੀ ਦੇ ਨਾਲ ਮੇਲ ਹੋਣ ਕਰਕੇ ਸਿੱਧੀ ਪ੍ਰਾਪਤ ਹੋਈ।

੬) ਜੈਦੇਵ ਜੀ ਤੇ ਨਾਮਦੇਵ ਜੀ ਸੰਬੰਧਾ ਗੁਰਬਾਣੀ ਦਾ ਫੁਰਮਾਨ ਹੈ :

ਗੁਰਪਰਸਾਦੀ ਜੈਦੇਉ ਨਾਮਾਂ।।<br>
ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ।। (ਪੰਨਾ੩੩੦)

੭) ਭਗਤ ਬੇਣੀ ਜੀ ਸੰਬੰਧੀ ਗੁਰੂ ਅਰਜਨ ਦੇਵ ਜੀ ਦਾ ਮਹਾਂਵਾਕ ਹੈ :

ਬੇਣੀ ਕਉ ਗੁਰਿ ਕੀਓ ਪ੍ਰਗਾਸੁ।। (ਪੰਨਾ੧੧੯੨)

ਭਾਵ : ਬੇਣੀ ਜੀ ਨੂੰ ਸਚੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੇਹਰ ਸਦਕਾ ਪਰਮ ਜੋਤਿ ਦਾ ਪ੍ਰਕਾਸ਼ ਹੋਇਆ। ਸੋ ਬੇਣੀ ਜੀ ਵੀ ਸ੍ਰੀ ਗੁਰੂ ਨਾਨਕ ਜੀ ਦੇ ਸਮਕਾਲੀ ਸਨ ਤੇ ਉਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਕੋਲੋਂ ਸਤਿਨਾਮ ਦੀ ਪ੍ਰਾਪਤੀ ਹੋਈ ਸੀ।

੮) ਭਗਤ ਪਰਮਾ ਨੰਦ ਜੀ ਤੇ ਭਗਤ ਮਦਨਮੋਹਨ ਸੂਰਦਾਸ ਜੀ ਅਕਬਰ ਦੇ ਸਮੇਂ ਹੋਏ ਹਨ ਜੋ ਮੀਰਾਂ ਤੇ



www.AKJ.Org

ਦੂਜੇ ਆਮ ਪ੍ਰਸਿੱਧ ਸੂਰਦਾਸ ਵਾਂਗ ਕ੍ਰਿਸ਼ਨ ਭਗਤ ਨਹੀਂ ਸਨ। ਭਾਸਦਾ ਇੰਵ ਹੈ ਕਿ ਇਨ੍ਹਾਂ ਦੋਹਾਂ ਭਗਤਾਂ ਨੂੰ ਸਤਿਨਾਮ ਦੀ ਪ੍ਰਾਪਤੀ ਸ੍ਰੀ ਗੁਰੂ ਅਮਰਦਾਸ ਜੀ ਪਾਸੋਂ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੂਰਦਾਸ ਦੇ ਨਾਮ ਹੇਠ ਜੋ ਰਚਨਾ ਮਿਲਦੀ ਹੈ ਉਹ ਇਸੇ ਮਦਨ ਮੋਹਨ ਸੂਰਦਾਸ ਦੀ ਹੈ, ਕ੍ਰਿਸ਼ਨ ਭਗਤ ਤੇ ਆਮ ਪ੍ਰਸਿਧ ਸੂਰਦਾਸ ਦੀ ਨਹੀਂ।

੯) ਜਨਮ ਸਾਖੀ ਮੇਹਰਵਾਨ ਜੀ ਵਾਲੀ ਅਨੁਸਾਰ ਅਯੁਧਿਆ ਵਿਚ ਜੋ ਭਗਤ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਿਲੇ ਸਨ ਉਨ੍ਹਾਂ ਵਿਚ ਸਧਨਾ ਜੀ ਤੇ ਧੰਨਾ ਜੀ ਵੀ ਸਨ। ਸੋ ਇਹ ਭਗਤ ਵੀ ਗੁਰੂ ਨਾਨਕ ਵਰੋਸਾਏ ਹੋਏ ਸਨ।

੧੦) ਭਗਤ ਭੀਖਨ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਇਹ ਤੁਕ:

ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ।।
(ਪੰਨਾ ੬੫੯)

ਸਪਸ਼ਟ ਕਰਦੀ ਹੈ ਕਿ ਭੀਖਨ ਜੀ ਨੂੰ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਨਾਲ ਹੀ ਮੋਖ ਦੁਆਰ ਦੀ ਪ੍ਰਾਪਤੀ ਹੋਈ ਹੈ।

੧੨) ਸ਼ੇਖ ਫਰੀਦ ਦੇ ਨਾਮ ਹੇਠ ਦਰਜ ਬਾਣੀ ਪਾਕਪਟਨ ਦੇ ਪ੍ਰਸਿਧ ਸ਼ਕਰ ਗੰਜ ਬਦਰੁਦੀਨ ਦੀ ਗੱਦੀ ਉਤੇ ਬੈਠੇ ਅਤੇ ਕਰਣੀ ਵਿਚ ਪਹਿਲੇ ਫਰੀਦ ਜਿਹੇ ਹੀ ਮੰਨੇ ਜਾਣ ਵਾਲੇ ਸ਼ੇਖ ਇਬਰਾਹੀਮ (ਫਰੀਦ ਸਾਨੀ) ਦੀ ਹੈ। ਸ਼ੇਖ ਇਬਰਾਹੀਮ ਨਾਲ ਜਨਮ ਸਾਖੀਆਂ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦੋ ਵਾਰੀ ਮੇਲ ਹੋਇਆ। ਸਤਿਨਾਮ ਦੀ ਪ੍ਰਾਪਤੀ ਕਰਕੇ ਇਸਲਾਮੀ ਵਿਸ਼ਵਾਸ਼ਾਂ ਤੋਂ ਉਪਰ ਉਠ ਕੇ ਇਕ ਅਕਾਲ ਪੁਰਖ ਦੀ ਅਰਾਧਨਾ ਕੀਤੀ। ਉਨ੍ਹਾਂ ਦੀ ਬਾਣੀ ਇਸ ਲਈ ਇਸਲਾਮੀ ਸ਼ਰ੍ਹਾਂ ਦੀ ਕਸਵੱਟੀ ਤੇ ਪੂਰੀ ਨਾ ਉਤਰਨ ਕਰਕੇ ਗੰਜ ਗੱਦੀ ਦੇ ਅਧਿਕਾਰੀ ਵੀ ਇਸ ਬਾਣੀ ਨੂੰ ਪਹਿਲੇ ਫਰੀਦ ਦੀ ਰਚਨਾ ਨਹੀਂ ਮੰਨਦੇ। ਅਸਲ ਵਿਚ ਪਹਿਲੇ ਸ਼ੇਖ ਬਦਰੁਦੀਨ ਫਰੀਦ ਨੇ ਕੋਈ ਰਚਨਾ ਰਚੀ ਹੀ ਨਹੀਂ।

ਸੋ ਇਹ ਹੈ ਸੰਖੇਪ ਇਕ ਪੱਖ ਦਾ। ਇਸ ਅਨੁਸਾਰ ਇਹ ਸਿੱਟਾ ਕੱਢਿਆ ਗਿਆ ਹੈ ਕਿ ਜਿਨ੍ਹਾਂ ਭਗਤਾਂ ਦੀਆਂ ਰਚਨਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਨ ਉਹ ਸਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਜਾਂ ਉਨ੍ਹਾਂ ਦੇ ਕਿਸੇ ਹੋਰ ਸਰੂਪ ਦੇ ਸਮੇਂ ਹੋਏ ਹਨ ਤੇ ਉਨ੍ਹਾਂ ਗੁਰੂ ਘਰ ਵਿਚੋਂ ਸਤਿਨਾਮ ਦੀ ਪ੍ਰਾਪਤੀ ਉਪ੍ਰੰਤ ਅਤੁੱਟ ਘਾਲ ਕਮਾਈ ਕੀਤੀ ਤੇ ਗੁਰੂ ਨਾਨਕ ਜੀ ਦੀ ਮਿਹਰਾਮਤ ਸਦਕਾ ਧੁਰ ਕੀ ਬਾਣੀ ਉਚਾਰਨ ਯੋਗ ਹੋ ਗਏ।

ਨੋਟ: ਇਹ ਸਭ ਉਪਰ ਲਿਖੇ ਵਿਚਾਰ ਗਿ: ਗੁਰਦਿਤ ਸਿੰਘ ਜੀ ਰਚਿਤ "ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ (ਭਗਤ ਬਾਣੀ ਭਾਗ)" ਦੇ ਅਧਾਰ ਤੇ ਲਿਖੇ ਗਏ ਹਨ।

## ਪੁਰਾਤਨ ਇਤਿਹਾਸਕਾਰਾਂ ਦੇ ਵਿਚਾਰ :

ਪੁਰਾਤਨ ਇਤਿਹਾਸਿਕ ਗ੍ਰੰਥਾਂ ਅਨੁਸਾਰ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦਾ ਸੰਪਾਦਨ ਕਰ ਰਹੇ ਸਨ ਤਾਂ ਉਦੋਂ ਹੀ ਇਹ ਸਾਰੇ ਭਗਤ ਆਪਣੇ ਸੂਖਸ਼ਮ ਸਰੀਰਾਂ ਵਿਚ ਗੁਰੂ ਸਾਹਿਬ ਪਾਸ ਆਏ ਤੇ ਸਤਿਨਾਮ ਦੀ ਪ੍ਰਾਪਤੀ ਕਰਕੇ ਸੱਚਖੰਡ ਵਾਸੀ ਬਣੇ। ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮੇਹਰ ਸਦਕਾ ਉਨ੍ਹਾਂ ਨੇ ਬਾਣੀ ਰਚੀ ਤੇ ਭਾਈ ਗੁਰਦਾਸ ਜੀ ਨੇ ਲਿਖੀ। ਪੰਥ ਪ੍ਰਸਿਧ ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਲਿਖਤ "ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ" (ਸੰਪਾਦਿਕ ਭਾਈ ਸਾਹਿਬ ਭਾਈ ਵੀਰ ਸਿੰਘ ਜੀ) ਵਿਚ ਇਸ ਸੰਬੰਧੀ ਇਸ ਤਰ੍ਹਾਂ ਦਰਜ ਹੈ :

ਜਨੰ ਸੌਤ ਨਾਮੰ ਕ੍ਰਿਪਾਠਾਨਿ ਦੀਨੰ।
ਦੁਊ ਲੋਕ ਕੇ ਤ੍ਰਾਸ ਕੀਨੰ ਸੁ ਹੀਨੰ।
ਲਖੈ ਨਾਂਹਿ ਤਾਕੋ ਭ੍ਰਮੰਧਾਰਿ ਮੂਦਾ।
ਮਹਾਂ ਸੂਖਮੰ ਰੂਪ ਗੁਦਾਨ ਗੂਦਾ।੪੦।
ਸਦਾ ਜੈ, ਸਦਾ ਜੈ, ਸਦਾ ਜੈ, ਅਨੰਦੋ।
ਨਮਸਤੰ, ਨਮਸਤੰ, ਨਮਸਤੰ, ਬਿਲੰਦੋ।
ਸੁਧਾ ਬਾਕ ਬਕਤ੍ਰੰ ਸੁ ਚੰਦੈ ਮਨਿੰਦੋ।
ਰਿਦੈ ਨਾਮ ਬਾਸੈ ਬਰੰ ਦੈ ਗੁਬਿੰਦੋ।
(ਪੰਨਾ ੨੦੮੭)

ਭਾਵ ਭਗਤਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬੇਨਤੀ ਕੀਤੀ ਕਿ ਤੁਸੀਂ ਸਤਿਨਾਮ ਦੇ ਦਾਤੇ ਹੋ, ਸੋ ਸਾਨੂੰ ਭੀ ਨਾਮ ਦਾ ਵਰ ਬਖਸ਼ੋ। ਫਿਰ ਭਗਤਾਂ ਦੇ ਇਹ ਬੇਨਤੀ ਕਰਨ ਤੇ ਕਿ ਉਨ੍ਹਾਂ ਦੀ ਰਚਨਾ ਵੀ ਨਵੇਂ ਤਿਆਰ ਹੋ ਰਹੇ ਗ੍ਰੰਥ ਸਾਹਿਬ ਵਿਚ ਚੜ੍ਹਾਈ ਜਾਏ, ਸ੍ਰੀ ਗੁਰੂ ਜੀ ਨੇ ਇੰਵ ਫੁਰਮਾਇਆ:

ਸ੍ਰੀ ਅਰਜਨ ਸੁਨਿ ਭਗਤਨ ਬਿਨਤੀ।
ਹੇਤੁ ਲਿਖਾਵਨਿ ਕੀਨਸਿ ਗਿਨਤੀ।।
ਸਭਿਹਿਨ ਸੋਂ ਸ੍ਰੀ ਗੁਰ ਫੁਰਮਾਇਯੋ।
"ਪ੍ਰਥਮ ਜੁ ਤੁਮ ਨੇ ਕਛੂ ਬਨਾਯੋ।੫੨।।
ਸੋ ਨ ਚਢਾਵਹਿ ਗ੍ਰੰਥ ਮਝਾਰੀ।


www.AKJ.Org

ਰਚਹੁ ਅਬਹਿ ਇਸਕੇ ਅਨੁਸਾਰੀ।
ਜਥਾ ਕ੍ਰੱਮ ਬਾਨੀ ਸੁ ਬਨਾਓ।
ਪ੍ਰਥਕ ਪ੍ਰਥਕ ਬਿਚ ਰਾਗ ਲਿਖਾਓ"।੫੩।
ਸੁਨਿ ਹਰਖੇ ਸਭਿ ਭਗਤ ਬਿਸਾਲਾ।
ਧੰਨ ਧੰਨ ਉਚਰਹਿ ਤਿਸ ਕਾਲਾ।
ਲਗੇ ਬਨਾਵਨਿ ਗਿਰਾ ਨਵੀਨ।
ਬੈਠ ਸਮੀਪੀ ਗੁਰੂ ਪ੍ਰਬੀਨ।

(ਪੰਨਾ ੨੦੮੮)

ਇਸ ਲਿਖਤ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤਾਂ ਨੂੰ ਸਪਸ਼ਟ ਫੁਰਮਾਇਆ ਕਿ ਤੁਹਾਡੀ ਪਹਿਲੀ ਰਚੀ ਹੋਈ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਚਾੜ੍ਹੀ ਜਾ ਸਕਦੀ, ਸੋ ਤੁਸੀਂ ਹੁਣ ਵਾਰੀ ਵਾਰੀ ਆਪਣੀ ਰਚਨਾ ਰਚੋ।

ਇਸ ਸੰਬੰਧੀ ਭਾਈ ਵੀਰ ਸਿੰਘ ਜੀ ਨੇ ਆਪਣੇ ਫੁਟ ਨੋਟ ਵਿਚ ਇਸ ਤਰ੍ਹਾਂ ਲਿਖਿਆ ਹੈ :

"ਭਗਤਾਂ ਦਾ ਇਹ ਪ੍ਰਸੰਗ ਕਿ ਉਹ ਆਪ ਸਤਿਗੁਰਾਂ ਦੇ ਪਾਸ ਆਏ, ਅਨਹੋਣੀ ਬਾਤ ਨਹੀਂ। ਧਰਮ ਦੀ ਨੀਂਹ 'ਨਾ ਦਿਸਣ ਵਾਲੇ ਜਗਤ' ਪਰ ਵਿਸ਼ਵਾਸ਼ ਤੇ ਇਸ ਅਮੰਨੇ ਪਰ ਹੈ ਕਿ ਮਰਣ ਦੇ ਬਾਦ ਪ੍ਰਾਣੀ ਦੀ ਜੀਵ ਕਲਾ ਦੀ ਮ੍ਰਿਤੂ ਨਹੀਂ ਹੋ ਜਾਂਦੀ, ਸਰੀਰ ਦੇ ਮਰ ਜਾਣ ਬਾਦ ਰੂਹ ਜਾਂ ਭੌਰ ਜਾਂ ਜੀਊ ਜੀਉਂਦਾ ਹੈ। ਆਤਮਕ ਅਰੂੜ੍ਹ ਅਵਸਥਾ ਦੇ ਲੋਕ ਆਪਣੇ ਮਨ ਦੀ ਉੱਚਤਾਈ ਵਿਚ, ਨਾ ਦਿੱਸਣ ਵਾਲੇ ਜਗਤ ਦੇ ਲੋਕਾਂ ਨਾਲ ਸੰਬੰਧ, ਮੇਲ ਜੋਲ ਰਖਦੇ ਹਨ।"

ਇਸੇ ਪੱਖ ਦੀ ਪ੍ਰੋੜ੍ਹਤਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਇਸ ਤਰ੍ਹਾਂ ਕਰਦੇ ਹਨ:

"ਸੋ ਗੁਰੂ ਕੀ ਬਾਣੀ ਹੀ ਸਚੀ ਬਾਣੀ, ਬਾਣੀਆਂ ਸਿਰ ਬਾਣੀ ਹੈ ਤੇ ਬਾਕੀ ਹੋਰ ਚਾਹੇ ਕਿਸੇ ਭਗਤ ਦੀ ਉਚਾਰਨ ਕੀਤੀ ਹੋਈ ਹੈ, ਚਾਹੇ ਕਿਸੇ ਬ੍ਰਹਮ ਬੇਤੇ ਗਿਆਨ-ਅਵਤਾਰੀ ਦੀ ਹੈ, ਉਹ ਸਭ "ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ।। ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ" ਦੇ ਮਹਾਵਾਕ ਅਨੁਸਾਰ ਕੱਚੀ ਬਾਣੀ। ਕੱਚੀ ਬਾਣੀ ਸਮਝਕੇ ਹੀ ਕਾਹਨੇ ਆਦਿ ਭਗਤਾਂ ਦੀਆਂ ਉਚਾਰਨ ਕੀਤੀਆਂ ਬਾਣੀਆਂ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਚੜ੍ਹਾਈਆਂ । ਇਹ ਕਾਹਨੇ ਆਦਿ ਭਗਤ ਇਸ ਖਿਆਲ ਨਾਲ ਆਏ ਸਨ ਕਿ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਭਗਤਾਂ ਦੀਆਂ ਬਾਣੀਆਂ ਗੁਰੂ ਸਾਹਿਬ ਨੇ ਚੜ੍ਹਾਈਆਂ ਹਨ, ਇਸ ਤਰ੍ਹਾਂ ਸਾਡੀਆਂ ਭੀ ਚੜ੍ਹ ਜਾਣਗੀਆਂ। ਉਹ ਆਪਣੇ ਜਾਣੇ ਇਹ ਸਮਝ ਕੇ ਆਏ ਸਨ ਕਿ ਗੁਰੂ ਸਾਹਿਬ ਨੇ ਭਗਤਾਂ ਦੀ ਭਗਤ-ਭੂਤਕੀ-ਜਾਮੇ ਵਿਚ ਜਨਮ ਧਾਰ ਕੇ ਉਚਾਰੀ ਹੋਈ ਬਾਣੀ ਹੀ ਗੁਰ ਗ੍ਰੰਥ ਸਾਹਿਬ ਵਿਚ ਚੜ੍ਹਾਈ ਹੈ। ਉਹਨਾਂ ਨੂੰ ਇਹ ਪਤਾ ਨਹੀਂ ਸੀ ਕਿ ਗੁਰੂ ਸਾਹਿਬ ਨੇ ਗੁਰੂ-ਅਕਾਲ-ਕਲਾ-ਕ੍ਰਿਸ਼ਮੀ-ਤੇਜ-ਪਰਤਾਪ ਉਦੋਤ ਕਰਿ, ਹੁਕਮ ਧੁਰੰਧਰੀ ਚਲਤ ਵਰਤਾ ਕੇ ਦਿਬਯ ਜੋਤੀ ਭਗਤਾਂ ਦੀਆਂ ਰੂਹਾਂ ਨੂੰ ਉਨ੍ਹਾਂ ਦੀ ਹੁਬ ਅਨੁਸਾਰ ਕਰਮ ਖੰਡ ਵਿਚੋਂ ਉਤਰਵਾਇ ਕੇ ਸ਼ਬਦ-ਗੁਰ-ਸੱਤਾ ਦੇ ਕੇ ਪਰਤੱਖ ਸਾਕਾਰੀ ਦਿੱਬਯ ਸਰੂਪ ਵਿਚ ਸਾਵਧਾਨ ਕੀਤਾ, ਅਤੇ ਕਰਮ ਖੰਡ ਤੋਂ ਸਚਖੰਡ ਦੇ ਵਾਸੀ ਕਰਾ ਨਿਰੰਕਾਰੀ ਸਮੀਪਤਾ ਦਾ ਭਾਗੀ ਬਣਾਇਆ ਅਤੇ ਨਿਰੰਕਾਰੀ ਹੁਕਮ ਅੰਦਰ ਗੁਰ-ਪਾਰਸ-ਕ੍ਰਿਸ਼ਮੀ-ਪ੍ਰਭਾਵ ਕਰ 'ਬੋਲਾਇਆ ਬੋਲੀ ਤੇਰਾ' ਗੁਰਵਾਕ ਦੇ ਭਾਵ ਅਨੁਸਾਰ ਬੋਲਣ ਦਾ ਅਧਿਕਾਰੀ ਬਣਾਇਆ।

ਹਾਂ ਜੀ ! ਇਉਂ ਧੁਰ ਖਸਮ ਰਜ਼ਾ ਦੁਆਰਾ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਤੇ ਸ਼ਸ਼ੋਭਤ ਹੋਈ ਭਗਤ ਬਾਣੀ ਆਈ। ਲਿਖਤ ਉਤਾਰਿਆਂ ਕਰਿ ਦਰਜ ਨਹੀਂ ਹੋਈ। ਹੁਕਮ ਏਜ਼ਦੀ ਗੁਰ-ਨਦਰ-ਕਟਾਕਸ਼ੀ-ਭਾਣਿਆ ਅੰਦਰ ਹੀ ਧੁਰੋਂ ਉਤਰੀ।"

('ਗੁਰਮਤਿ ਲੇਖ' - ਪੰਨਾ ੫੩-੫੪)

ਇਸ ਦੇ ਵਿਚ ਤਾਂ ਕੋਈ ਸ਼ੱਕ ਹੀ ਨਹੀਂ ਤੇ ਨਾਂ ਕਿਸੇ ਸ਼ੰਕੇ ਦੀ ਗੁੰਜਾਇਸ਼ ਹੈ ਕਿ ਇਹ ਸਭ ਰਚਨਾਵਾਂ ਧੁਰ ਕੀ ਬਾਣੀ ਤਾਂ ਹਨ ਹੀ ਕਿਉਂਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖੁੱਦ ਇਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਾਮਲ ਕਰਕੇ ਸਾਰੇ ਸੰਮੂਹ ਗ੍ਰੰਥ ਨੂੰ "ਪਰਮੇਸਰ ਕਾ ਥਾਨ" ਦੀ ਪਾਵਨ ਅੱਟਲ ਪਦਵੀ ਦਿਤੀ ਹੈ ਤੇ ਇਸ ਤੇ ਪੱਕੀ ਮੋਹਰ ਲਾ ਦਿਤੀ ਹੈ। ਇਸ ਸੰਬੰਧੀ ਇਕ ਹੋਰ ਵੀ ਸੰਕੇਤ ਗੁਰਬਾਣੀ ਵਿਚ ਮਿਲਦਾ ਹੈ :

ਨਾਮਾ ਛੀਬਾ ਕਬੀਰੁ ਜੋੁਲਾਹਾ ਪੂਰੇ ਗੁਰ ਤੇ ਗਤਿ ਪਾਈ।।
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ।।
ਸੁਰਿਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ।।

(ਪੰਨਾ ੬੭)

ਭਾਵ: ਨਾਮਾ, ਕਬੀਰ (ਆਦਿ ਸੰਮੂਹ ਭਗਤਾਂ) ਨੇ (ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ) ਪੂਰੇ ਗੁਰੂ ("ਨਾਨਕ ਗੁਰੂ ਗੁਰੂ ਹੈ ਪੂਰਾ") ਤੋਂ ਬਖਸ਼ਿਸ਼ ਲੈਕੇ ਪਰਮਗਤੀ ਪ੍ਰਾਪਤ ਕੀਤੀ। ਉਨ੍ਹਾਂ ਨੇ ਸਤਿਨਾਮ ਰੂਪੀ ਸ਼ਬਦ ਨੂੰ ਜਾਣ ਕੇ ਹਉਮੈ ਦਾ ਪ੍ਰਹਾਰ ਕੀਤਾ ਤੇ ਬ੍ਰਹਮ ਅਕਾਲ ਪੁਰਖ ਨੂੰ ਜਾਣਿਆ। ਹੁਣ ਸਭ ਮਨੁਖ ਤੇ ਦੇਵਤੇ


www.AKJ.Org

ਇਨ੍ਹਾਂ ਦੀ ਬਾਣੀ ਨੂੰ ਗਾ ਰਹੇ ਹਨ ਤੇ ਇਸ ਨੂੰ ਕੋਈ ਮੇਟ ਨਹੀਂ ਸਕਦਾ।

ਇਸ ਸੰਬੰਧੀ ਇਕ ਹੋਰ ਗੱਲ ਵੀ ਵਿਚਾਰਯੋਗ ਹੈ। ਪੰਥ ਪ੍ਰਸਿਧ ਸੰਮ੍ਰਹ ਇਸ ਗੱਲ ਤੇ ਸਹਿਮਤ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਮ੍ਰਹ ਬਾਣੀ, ਸਮੇਤ ਭਗਤਾਂ, ਭੱਟਾਂ ਆਦਿ ਦੀਆਂ ਰਚਨਾਵਾਂ ਦੇ, ਇਕ ਵਿਲੱਖਣ ਵਿਆਕਰਣ ਅਨੁਸਾਰ ਲਿਖੀ ਗਈ ਹੈ। ਲਗਾਂ ਮਾਤ੍ਰਾਂ ਦੇ ਥੋੜੇ ਜਿਹੇ ਅੰਤਰ ਨਾਲ ਉਸ ਅੱਖਰ ਜਾਂ ਸ਼ਬਦ ਦਾ ਅਰਥ-ਭਾਵ ਹੀ ਬਦਲ ਜਾਂਦਾ ਹੈ। ਇਸ ਲਈ ਇਸ ਨੁਕਤੇ ਤੋਂਵੀ ਇਹ ਸਪਸ਼ਟ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਮ੍ਰਹ ਬਾਣੀ ਨਵੀਨ ਤੇ ਵਿਲੱਖਣ ਗੁਰਬਾਣੀ ਵਿਆਕਰਣ ਦੇ ਅਧਾਰ ਤੇ ਲਿਖੀ ਗਈ ਹੈ ਤੇ ਇਸ ਵਿਆਕਰਣ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਸਨ। ਸੋ ਜੇ ਕਰ ਭਗਤ ਬਾਣੀ ਦੀ ਰਚਨਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੀ ਰਚੀ ਹੋਈ ਹੁੰਦੀ ਤਾਂ ਉਹ ਇਸ ਵਿਆਕਰਣਕ ਅਸੂਲਾਂ ਅਨੁਸਾਰ ਨਹੀਂ ਸੀ ਰਚੀ ਜਾ ਸਕਦੀ। ਅਤੇ ਜੇਕਰ ਭਗਤ ਜਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਵੀ ਹੋਣ ਤਾਂ ਵੀ ਗੁਰੂ ਨਾਨਕ ਦੇਵ ਜੀ ਨਾਲ ਸੰਪਰਕ ਹੋਏ ਬਿਨਾ ਉਹ ਆਪਣੀ ਰਚਨਾ ਗੁਰਮਤਿ ਵਿਆਕਰਣ ਅਨੁਸਾਰ ਨਹੀਂ ਸੀ ਰਚ ਸਕਦੇ।

ਉਪਰ ਲਿਖੀ ਸਾਰੀ ਵਿਚਾਰ ਤੋਂ ਸਿੱਟਾ ਇਹ ਨਿਕਲਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਭਗਤ ਬਾਣ. ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੇਹਰ ਸਦਕਾ ਭਗਤਾਂ ਨੇ ਉਚਾਰੀ। ਜਾਂ ਤਾਂ ਉਹ ਭਗਤ ਜਨ ਸਤਿਗੁਰੂ ਸਚੇ ਪਾਤਸ਼ਾਹ ਦੇ ਸਮਕਾਲੀ ਸਨ ਤੇ ਉਨ੍ਹਾਂ ਨੇ ਆਪਣੇ ਇਸ ਧਰਤੀ ਦੇ ਜੀਵਨ ਕਾਲ ਵਿਚ ਹੀ ਸਤਿਗੁਰੂ ਪਾਸੋਂ ਅਸੀਸ ਪ੍ਰਾਪਤ ਕਰਕੇ ਲਿਖੀ, ਜਾਂ ਉਨ੍ਹਾਂ ਨੇ ਆਪਣੇ ਸੂਖਸ਼ਮ ਸਰੀਰਾਂ ਵਿਚ ਆ ਕੇ ਸਤਿਗੁਰੂ ਜੀ ਦੀ ਮਿਹਰਾਮਤ ਪ੍ਰਾਪਤ ਕਰਕੇ ਰਚੀ।

### ਭਗਤ ਬਾਣੀ ਸੰਬੰਧੀ ਇਕ ਹੋਰ ਸ਼ੰਕਾ

ਭਗਤ ਬਾਣੀ ਦੇ ਸਤਿਗੁਰੂ ਮਿਹਰਾਮਤ ਸਦਕਾ ਰਚੇ ਜਾਣ ਸੰਬੰਧੀ ਕੁਝ ਰਚੇ ਜਾਣ ਸੰਬੰਧੀ ਕੁਝ ਕੁ ਵਿਦਵਾਨਾਂ ਨੇ ਇਕ ਇਹ ਸ਼ੰਕਾ ਪ੍ਰਗਟ ਕੀਤਾ ਹੈ ਕਿ ਜੇਕਰ ਸੱਚਮੁੱਚ ਹੀ ਇਹ ਗਲ ਠੀਕ ਹੈ ਤਾਂ ਭਗਤਾਂ ਦੀ ਬਾਣੀ ਵਿਚ ਕਈ ਥਾਂਵਾ ਤੇ ਵਾਕ ਗੁਰੂ ਆਸ਼ੇ ਦੇ ਉਲਟ ਹਨ ਤੇ ਉਨਾਂ ਸੰਬੰਧੀ ਗੁਰਮਤਿ ਆਸ਼ਾ ਪ੍ਰਗਟ ਕਰਨ ਲਈ ਗੁਰੂ ਸਾਹਿਬ ਨੇ ਆਪਣੇ ਵਲੋਂ ਸਲੋਕ ਰਚ ਕੇ ਨਾਲ ਹੀ ਲਿਖ ਦਿਤੇ ਹਨ। ਪੰਥ ਪ੍ਰਸਿਧ ਟੀਕਾਕਾਰ ਪ੍ਰੋਫੈਸਰ ਸਾਹਿਬ ਜੀ ਦੇ ਵਿਚਾਰ ਇਸ ਸ਼ੰਕੇ ਦੀ ਨਵਿਰਤੀ ਇਸ ਤਰ੍ਹਾਂ ਕਰਦੇ ਹਨ:

"ਜਿਸ ਬੀੜ ਨੂੰ ਅਸੀਂ ਗੁਰੂ ਗ੍ਰੰਥ ਸਾਹਿਬ ਆਖਦੇ ਹਾਂ ਤੇ ਗੁਰੂ ਵਾਂਗ ਸਨਮਾਨਦੇ ਹਾਂ, ਉਸ ਦਾ ਹਰੇਕ ਸ਼ਬਦ ਗੁਰੂ ਰੂਪ ਹੈ। ਜੇ ਅਸੀਂ ਕਿਸੇ ਭੱਟ ਜਾਂ ਭਗਤ ਦਾ ਕੋਈ ਸ਼ਬਦ ਗੁਰੂ ਆਸ਼ੇ ਦੇ ਉਲਟ ਸਮਝਦੇ ਹਾਂ, ਤਾਂ ਉਹ ਬੀੜ ਜਿਸ ਵਿਚ ਗੁਰੂ-ਆਸ਼ੇ ਤੋਂ ਉਲਟ ਵਖਰੇ ਭਾਵ ਵਾਲੇ ਵਾਕ ਦਰਜ ਹਨ, ਸਮੁੱਚੇ ਤੌਰ ਤੇ ਗੁਰੂ ਦਾ ਦਰਜਾ ਨਹੀਂ ਰਖ ਸਕਦੀ। ਇਹ ਇਕ ਹਾਸੋ ਹੀਣਾ ਨਿਸ਼ਚਾ ਹੈ ਕਿ ਭਗਤਾਂ ਦੇ ਕਈ ਸ਼ਬਦਾ ਨੂੰ ਅਸੀ ਗੁਰਮਤਿ ਅਨੁਸਾਰ ਮੰਨੀਏ ਤੇ ਕਈ ਸ਼ਬਦਾਂ ਨੂੰ ਗੁਰੂ ਆਸ਼ੇ ਦੇ ਵਿਰੁਧ। ਗੁਰੂ ਅਰਜਨ ਸਾਹਿਬ ਨੇ ਸਾਰੀ ਬੀੜ ਵਿਚ ਇਹ ਗਲ ਕਿਤੇ ਭੀ ਨਹੀਂ ਲਿਖੀ ਕਿ ਫਲਾਣੇ ਸ਼ਬਦ ਗੁਰਮਤਿ ਅਨੁਸਾਰ ਨਹੀਂ ਹਨ। ਸਿਖ ਨੂੰ ਇਹ ਸ਼ਰਧਾ ਬਨਾਣੀ ਚਾਹੀਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਅੰਗ ਵਿਚ ਉਕਾਈ ਨਹੀਂ ਹੈ।"

(ਗੁਰੂ ਗ੍ਰੰਥ ਸਾਹਿਬ ਦਰਪਨ,ਪੋਥੀ ੧੦,ਪੰ ੨੮੯)

ਅਗੇ ਜਾ ਕੇ ਪ੍ਰੋਫੈਸਰ ਸਾਹਿਬ ਲਿਖਦੇ ਹਨ :

"ਜਿਥੇ ਕਿਤੇ ਫਰੀਦ ਜੀ ਨੇ ਕੋਈ ਖਿਆਲ ਇਸ਼ਾਰੇ ਮਾਤਰ ਦਸਿਆ ਹੈ ਤੇ ਭੁਲੇਖਾ ਪੈਣ ਦੀ ਸੰਭਾਵਨਾ ਪੈਦਾ ਹੋ ਸਕਦੀ ਹੋਵੇ, ਸਤਿਗੁਰੂ ਜੀ ਨੇ ਉਸ ਨੂੰ ਵਧੀਕ ਖੋਲ੍ਹ ਦਿੱਤਾ ਹੈ।"

(ਗੁਰੂ ਗ੍ਰੰਥ ਸਾਹਿਬ ਦਰਪਨ, ਪੋਥੀ ੧੦,ਪੰ:੨੯੦)

ਬਸ ਹੁਣ ਵੀਚਾਰ ਵਾਲੀ ਗਲ ਕੇਵਲ ਏਨੀ ਹੀ ਹੈ ਕਿ ਭਗਤ ਬਾਣੀ ਦੇ ਰਚਨ ਸੰਬੰਧੀ ਉਪਰਲੀਆਂ ਵੀਚਾਰਾਂ ਵਿੱਚੋਂ ਗੁਰਮਤਿ ਕਸਵੱਟੀ ਅਨੁਸਾਰ ਕੇਹੜੀ ਵਿਚਾਰ ਜਿਆਦਾ ਭਰੋਸੇ ਤੇ ਮੰਨਣ ਯੋਗ ਹੈ। ਇਸ ਸੰਬੰਧੀ ਨਾਮ ਰਸੀਏ ਬੁੱਧੀ ਜੀਵਾਂ ਦਾ ਸਿਰ ਜੋੜ ਕੇ ਵਿਚਾਰ ਵਟਾਂਦਰਾ ਕਰਨ ਉਪ੍ਰੰਤ ਹੀ ਕੋਈ ਸਿੱਟਾ ਨਿਕਲ ਸਕਦਾ ਹੈ।

ਜੇ ਕਰ ਇਨ੍ਹਾਂ ਦੋਹਾਂ ਵਿਚਾਰਾਂ ਦੇ ਉਲਟ ਪਹਿਲੀ ਪ੍ਰਚਲਤ ਵੀਚਾਰ ਨੂੰ ਹੀ ਸਵੀਕਾਰ ਕੀਤਾ ਜਾਵੇ ਤਾਂ ਭਗਤ ਬਾਣੀ ਸੰਬੰਧੀ ਸ਼ੰਕੇ ਉਪਜਣੇ ਕੁਦਰਤੀ ਹਨ। ਨਾਲ ਹੀ ਇਸ ਤਰ੍ਹਾਂ ਅਸੀਂ ਸ੍ਰੀ ਗੁਰੂ ਨਾਨਕ ਦਵ ਜੀ ਦਹ ਪਦਵੀ ਨੂੰ ਯੂਨੀਵਰਸਿਟੀ ਦੇ ਰੀਸਰਚ ਪ੍ਰੋਫੈਸਰ ਦੇ ਪੱਧਰ ਲਿਆ ਕੇ ਖੜਾ ਕਰ ਦੇਂਦੇ ਹਾਂ ਕਿ ਉਹ ਥਾਂ ਥਾਂ ਤੇ ਖੋਜ ਕਰਕੇ ਭਗਤ ਬਾਣੀ ਚੁਣ ਚੁਣ ਕੇ ਲਿਖ ਕੇ ਲਿਆਂਦੇ ਰਹੇ।

### ਹੋਰ ਪਾਵਨ ਵਿਅਕਤੀਆਂ ਦੀ ਬਾਣੀ ਸੰਬੰਧੀ ਵਿਚਾਰ

ਗੁਰੂ ਸਾਹਿਬਾਨ ਤੇ ਭਗਤਾਂ ਤੋਂ ਉਪ੍ਰੰਤ ਹੋਰ ਜਿਨ੍ਹਾਂ



www.AKJ.Org

ਪਾਵਨ ਵਿਅਕਤੀਆਂ ਦਾ ਕੀਰਤਨ ਦੇ ਨਾਮ ਸੰਬੰਧਤ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉਹ ਇਹ ਹਨ:

੧) ਭਾਈ ਮਰਦਾਨਾ ਜੀ
੨) ਭਾਈ ਸੱਤਾ ਤੇ ਬਲਵੰਡ ਜੀ
੩) ਭਾਈ ਸੁੰਦਰ ਜੀ
੪) ਭਾਈ ਕਲ ਆਦਿ ਭੱਟ।

ਭਾਈ ਮਰਦਾਨਾ ਜੀ ਦੇ ਨਾਮ ਨਾਲ ਸੰਬੰਧਤ ਤਿੰਨ ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਨ੍ਹਾਂ ਸੰਬੰਧੀ ਜੋ ਵੀਚਾਰ ਪੁਸਤਕ "ਬਾਣੀ ਬਿਉਰਾ" ਰਚਿਤ ਭਾ: ਜੋਗਿੰਦਰ ਸਿੰਘ ਜੀ ਤਲਵਾੜਾ, ਵਿਚ ਦਿਤੀ ਹੈ ਉਹ ਇਸ ਪਰਕਾਰ ਹੈ :

"ਕਈ ਵਿਦਵਾਨਾ ਨੇ ਭਗਤਾਂ ਦੀ ਗਿਣਤੀ ਵਿਚ ਭਾਈ ਮਰਦਾਨਾ ਜੀ ਨੂੰ ਵੀ ਸ਼ਾਮਲ ਕੀਤਾ ਹੈ, ਪਰ ਅਜਿਹਾ ਕੀਤਾ ਜਾਣਾ ਗੁਰਮਤਿ ਦੀ ਕਸਵੱਟੀ ਤੇ ਪੂਰਾ ਨਹੀਂ ਉਤਰਦਾ। ਬਿਹਾਗੜੇ ਰਾਗ ਦੀ ਵਾਰ ਵਿਚ 'ਮਰਦਾਨਾ' ਸਿਰਲੇਖ ਹੇਠ ਅੰਕਿਤ ਜਿਨ੍ਹਾਂ ਸਲੋਕਾਂ ਦੇ ਅਧਾਰ ਤੇ ਅਜਿਹਾ ਕੀਤਾ ਗਿਆ ਹੈ ਉਨ੍ਹਾਂ ਦੇ ਅੰਤ ਵਿਚ ਨਾਨਕ ਛਾਪ ਲਗੀ ਹੋਈ ਹੈ।.......... ਜਿਸ ਤੱਥ ਤੋਂ ਇਨ੍ਹਾਂ ਵਿਚਾਰ ਅਧੀਨ ਸਲੋਕਾਂ ਦੇ ਸਤਿਗੁਰਾਂ ਦੀ ਰਚਨਾ ਹੋਣ ਦੀ ਤਸਦੀਕ ਹੁੰਦੀ ਹੈ। ਛਾਪੇ ਦੀਆਂ ਬੀੜਾਂ ਵਿਚ ਦੋ ਸਲੋਕਾਂ ਦੇ ਸਿਰਲੇਖ 'ਸਲੋਕ ਮਰਦਾਨਾ੧।।', ਤੇ ਮਰਦਾਨਾ ੧।।' ਹਨ, ਤੇ ਤੀਜੇ ਸਲੋਕ ਦਾ ਕੋਈ ਸਿਰਲੇਖ ਨਹੀਂ, ਪਰ ਕਈ ਪੁਰਾਤਨ ਹਸਤ-ਲਿਖਤ ਬੀੜਾਂ ਵਿਚ ਇਹ ਸਿਰਲੇਖ 'ਸਲੋਕ ਮ: ੧ ਮਰਦਾਨਾ', 'ਮ:੧ ਮਰਦਾਨਾ' ਤੇ 'ਮ:੧' ਹਨ। ਸੰਭਵ ਹੈ ਕਿ ਇਹ ਸਲੋਕ ਭਾਈ ਮਰਦਾਨਾ ਜੀ ਪ੍ਰਤੀ ਮਹਲਾ ੧ ਦੀ ਰਚਨਾ ਹੋਣ ਜਿਵੇਂ ਸਾਰੰਗ ਰਾਗ ਵਿਚ ਮਹਲਾ ੫ ਦਾ ਇਕ ਸ਼ਬਦ ਭਗਤ ਸੂਰਦਾਸ ਜੀ ਪ੍ਰਤੀ ਹੈ।"

(ਪੰਨਾ ੫੫)

ਸੋ ਇਸ ਵਿਚਾਰ ਅਨੁਸਾਰ ਭਾਈ ਮਰਦਾਨਾ ਜੀ ਦਾ ਆਪਣਾ ਰਚਿਆ ਕੋਈ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ।

ਭਾਈ ਸੱਤਾ ਤੇ ਬਲਵੰਡ ਦੀ ਇਕ ਵਾਰ ਰਾਮਕਲੀ ਰਾਗ ਵਿਚ ਹੈ। ਇਸੇ ਤਰ੍ਹਾਂ ਭਾਈ ਸੁੰਦਰ ਜੀ ਦਾ ਇਕ ਸ਼ਬਦ ਵੀ ਏਸੇ ਰਾਗ ਵਿਚ ਹੈ। ਸੱਤਾ ਤੇ ਬਲਵੰਡ ਗੁਰੂ ਘਰ ਦੇ ਢਾਡੀ ਸਨ ਤੇ ਗੁਰਬਾਣੀ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ ਸਨ। ਉਹ ਖੁਦ ਕੋਈ ਰਚਨਾ ਰਚਦੇ ਨਹੀਂ ਸਨ ਤੇ ਨਾ ਉਨ੍ਹਾਂ ਦੀ ਕੋਈ ਹੋਰ ਰਚਨਾ ਕਿਸੇ ਪੁਰਾਤਨ ਗ੍ਰੰਥਾਂ ਵਿਚ ਜਾਂ ਉਨ੍ਹਾਂ ਦੇ ਖਾਨਦਾਨ ਵਿਚ ਕਿਸੇ ਕੋਲ ਮਿਲਦੀ ਹੈ। ਸਤਿਗੁਰੂ ਸਰਬ ਕਲਾ ਸਮਰਥ ਦਾ ਹੁਕਮ ਹੋਇਆ ਕਿ ਜਿਸ ਮੂੰਹ ਨਾਲ ਸਤਿਗੁਰੂ ਨਾਨਕ ਦੇਵ ਜੀ ਦੀ ਨਿੰਦਾ ਕੀਤੀ ਸੀ, ਹੁਣ ਉਸੇ ਮੂੰਹ ਨਾਲ ਸਿਫਤ ਗਾਉ ਤਾਂ ਬਖਸ਼ੇ ਜਾਉਗੇ। ਉਹ ਵਿਚਾਰੇ ਨਿਰੁਤਰ ਹੋ ਗਏ। ਪਛਤਾਵਾ ਤਾਂ ਆਪਣੀ ਭੁੱਲ ਦਾ ਬਹੁਤ ਸੀ ਤੇ ਸੱਚੇ ਦਿਲੋਂ ਆਪਣੇ ਗੁਨਾਹ ਦੀ ਤਲਾਫੀ ਕਰਨਾ ਚਾਹੁੰਦੇ ਸਨ। ਪਰ ਨਾ ਇੰਨੀ ਸੋਝੀ ਸੀ ਤੇ ਨਾ ਕਵਿਤਾ ਲਿਖਣ ਦੀ ਸਾਰ। ਉਨ੍ਹਾਂ ਦੀ ਮਜਬੂਰੀ ਤੱਕ ਕੇ ਗੁਰੂ ਸਚੇ ਪਾਤਸ਼ਾਹ ਜੀ ਨੇ ਮਿਹਰਾਂ ਨਾਲ ਉਨ੍ਹਾਂ ਨੂੰ ਨਦਰ ਕਰ ਦਿਤਾ। ਗੁਰੂ ਨਾਨਕ ਜੀ ਸੰਬੰਧੀ ਸੱਚੀ ਸੋਝੀ ਆ ਗਈ, ਹਿਰਦੇ ਵਿਚ ਪ੍ਰਕਾਸ਼ ਹੋ ਗਿਆ, ਸਤਿਨਾਮ ਦੀ ਕਲਾ ਨੇ ਦਿਲ ਤੇ ਦਿਮਾਗ ਰੌਸ਼ਨ ਕਰ ਦਿਤੇ ਤੇ ਇਸ ਤਰ੍ਹਾਂ ਸਤਿਗੁਰੂ ਦੀ ਬਖਸ਼ਿਸ਼ ਸਦਕਾ ਉਨ੍ਹਾਂ ਦੇ ਹਿਰਦੇ ਵਿਚੋਂ ਐਸੀ ਰਚਨਾ ਸਫੁਟੀ ਕਿ ਆ ਮੁਹਾਰੇ ਹੀ ਉਹ ਆਖਣ ਜਾਂ ਬੋਲਣ ਲਗ ਪਏ। ਇਸ ਬਾਣੀ ਦਾ ਸਿਰਲੇਖ " ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂੰਮਿ ਆਖੀ" ਇਸ ਭੇਦ ਦੀ ਘੁੰਡੀ ਖੋਲ ਦਿੰਦਾ ਹੈ ਕਿ ਸੱਤੇ ਤੇ ਬਲਵੰਡ ਨੇ ਇਹ ਵਾਰ ਕੇਵਲ ਆਖੀ ਸੀ, ਰਚੀ ਨਹੀਂ। ਅਖਵਾਉਣ ਵਾਲੇ ਤਾਂ ਸਰਬ ਕਲਾ ਸਮਰਥ ਗੁਰੂ ਅਰਜਨ ਦੇਵ ਜੀ ਸਨ। ਇਸੇ ਤਰ੍ਹਾਂ ਬਾਬਾ ਸੁੰਦਰ ਜੀ ਤੇ ਵੀ ਗੁਰੂ ਰਾਮਦਾਸ ਜੀ ਦੀ ਕਿਰਪਾ ਦ੍ਰਿਸ਼ਟੀ ਹੋਈ ਤੇ ਉਨ੍ਹਾਂ ਨੇ ਗੁਰੂ ਅਮਰ ਦਾਸ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਜੋ ਵਾਪਰਿਆ ਉਹ ਵਰਨਣ ਕੀਤਾ। ਕਲਾ ਉਥੇ ਵੀ ਗੁਰੂ ਰਾਮਦਾਸ ਜੀ ਦੀ ਹੀ ਵਰਤੀ ਸੀ।

ਇਸੇ ਹੀ ਤਰ੍ਹਾਂ ਦੀ ਘਟਨਾ ਭੱਟਾਂ ਨਾਲ ਵਰਤੀ ਜਿਨ੍ਹਾਂ ਦੇ ਨਾਮ ਤੇ ਗੁਰੂ ਗ੍ਰੰਥ ਸਾਹਿਬ ਦੇ ਅੰਤਲੇ ਭਾਗ ਵਿਚ ਸਵਈਏ ਦਰਜ ਹਨ। ਸੋ ਇਨ੍ਹਾਂ ਸਭ ਵਿਯਕਤੀਆਂ ਦੇ ਮੁਖੋਂ ਜੋ ਬਾਣੀ ਨਿਕਲੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਈ ਉਹ ਸਤਿਗੁਰੂ ਸਰਬਕਲਾ ਸਮਰਥ ਦੀ ਮੇਹਰ ਦ੍ਰਿਸ਼ਟੀ ਦੁਆਰਾ ਉਨ੍ਹਾਂ ਦੇ ਹਿਰਦੇ ਵਿਚੋਂ ਸਫੁੱਟ ਹੋਈ ਹੋਣ ਕਰਕੇ ਹੀ ਗੁਰੂ ਬਾਣੀ ਹੈ, ਉਨ੍ਹਾਂ ਦੀ ਆਪਣੀ ਰਚਨਾ ਨਹੀਂ। ਉਨ੍ਹਾਂ ਦੇ ਮੂੰਹ ਤੋਂ ਤਾਂ ਕੇਵਲ ਅਖਵਾਈ ਗਈ। ਐਨ ਏਸੇ ਤਰਾਂ ਜਿਵੇਂ ਛੱਜੂ ਤੇ ਮੂੰਹੋਂ ਪੰਜੋਖੜਾ ਸਾਹਿਬ ਵਿਖੇ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਨੇ ਸਪਤ ਸਲੋਕੀ ਗੀਤਾ ਦਾ ਗੋਝ ਵਖਿਆਨ ਕਰਵਾਇਆ।

•••••••••



www.AKJ.Org

## 'ਗੁਰਬਾਣੀ'

ਨਰਿੰਦਰ ਕੌਰ ਫੇਰੋਚੇਚੀ (ਗੁਰਦਾਸਪੁਰ)

ਗੁਰਬਾਣੀ ਹੀਰਿਆਂ ਦੀ ਖਾਣ ਹੈ।
ਇਹ ਸਿੱਖ ਦੀ ਜਿੰਦ ਜਾਨ ਹੈ।
ਸਿੱਖੀ ਇਤਿਹਾਸ ਤੋ ਜਾਣੂ ਕਰਾਏ।
ਭੁੱਲੇ ਭਟਕਿਆ ਨੂੰ ਰਾਹੇ ਪਾਏ।
ਤਪਦਿਆਂ ਨੂੰ ਠਾਰਨ ਵਾਲੀ।
ਦੁਖੀਆਂ ਦੇ ਦੁਖ ਨਿਵਾਰਨ ਵਾਲੀ।
ਵਹਿਮਾਂ ਭਰਮਾਂ ਨੂੰ ਮਿਟਾਉਣ ਵਾਲੀ।
ਧੰਨ ਧੰਨ ਗੁਰਬਾਣੀ ਹੈ।
ਸਿੱਖੀ ਇਤਿਹਾਸ ਤੋ ਜਾਣੂ ਕਰਾਉਣ ਵਾਲੀ।

ਗੁਰਬਾਣੀ ਭਵਸਾਗਰ ਤੋਂ ਪਾਰ ਉਤਾਰਨ ਵਾਲੀ।
ਟੁੱਟੀਆਂ ਵਿਰਤੀਆਂ ਗੁਰੂ ਵਲ ਲਾਉਣ ਵਾਲੀ।
ਸੁਆਸ ਸੁਆਸ ਨਾਮ ਜਪਾਉਣ ਵਾਲੀ।
ਮਨਮੁੱਖ ਤੋਂ ਗੁਰਮੁੱਖ ਬਣਾਉਣ ਵਾਲੀ।
ਡੁਬਦੇ ਬੇੜੇ ਵੀ ਪਾਰ ਇਹ ਲਾਉਣ ਵਾਲੀ।
ਧੰਨ ਧੰਨ ਗੁਰਬਾਣੀ ਹੈ।
ਸਿੱਖੀ ਇਤਿਹਾਸ ਤੋਂ ਜਾਣੂ ਕਰਵਾਉਣ ਵਾਲੀ।

ਗੁਰਬਾਣੀ ਅੰਮ੍ਰਿਤ ਦੀ ਨਿਆਈਂ ਹੈ।
ਪੁੱਛ ਕੇ ਦੇਖੋ ਜਿੰਨ੍ਹਾ ਪ੍ਰੀਤ ਇਸ ਨਾਲ ਪਾਈ ਹੈ।
ਸਾਰੀਆਂ ਚਿੰਤਾਵਾਂ ਨੂੰ ਮਿਟਾਉਣ ਵਾਲੀ।
ਹਿਰਦਾ ਨਿਰਮਲ ਤੇ ਸੁਧ ਬਣਾਉਣ ਵਾਲੀ।
ਤਨ ਮਨ ਨਿਰਮਲ ਤੇ ਸੁਖਦਾਈ ਕਰਦੀ।
ਦੁੱਖਾਂ ਕਲੇਸਾਂ ਨੂੰ ਮਿਟਾਉਣ ਵਾਲੀ।
ਕਠੋਰ ਹਿਰਦੇ ਜੋ ਕਦੇ ਪਿਘਲਦੇ ਨਹੀਂ।
ਮੋਮ ਉਨਾਂ ਨੂੰ ਬਣਾਉਣ ਵਾਲੀ।

ਇਸ ਦੇ ਦਰ ਤੇ ਕੋਈ ਵੀ ਘਾਟਾ ਨਹੀਂ।
ਮਨ ਚਿੰਦਿਆ ਫਲ ਦੇਣ ਵਾਲੀ।
ਧੰਨ ਧੰਨ ਗੁਰਬਾਣੀ ਹੈ।
ਮਨਮੁੱਖ ਤੋਂ ਗੁਰਮੁੱਖ ਬਣਾਉਣ ਵਾਲੀ।
ਮਨਮੁੱਖ ਤੋਂ ਗੁਰਮੁੱਖ ਬਣਾਉਣ ਵਾਲੀ।

■ ■ ■ ■ ■ ■ ■ ■ ■ ■

## ਸਤਿਗੁਰੂ ਪਾਤਸ਼ਾਹ ਦਾ ਸਰੂਪ ਗੁਰਦੁਆਰੇ ਅਸਥਾਨ ਤੋਂ ਘਰੋਂ-ਘਰੀ ਲੈ ਕੇ ਜਾਣਾ:-

(ਸ੍ਰ: ਅਮਰੀਕ ਸਿੰਘ)

ਜੇ ਕੋਈ ਸੱਜਣ ਪਾਠ, ਕੀਰਤਨ ਜਾਂ ਕਿਸੇ ਹੋਰ ਰਸਮ ਦੇ ਮੌਕੇ ਆਪਣੇ ਘਰ ਗੁਰੂ ਮਹਾਰਾਜ ਜੀ ਦੀ ਸਵਾਰੀ ਲਿਜਾਣ ਲਈ ਆਖੇ ਤਾਂ ਗੁਰਦੁਆਰੇ ਸਾਹਿਬ ਦੀ ਪ੍ਰਬੰਧਕ ਕਮੇਟੀ (ਪ੍ਰਧਾਨ, ਖਜਾਨਚੀ, ਪਾਠੀ, ਰਾਗੀ ਆਦਿ) ਪਹਿਲਾਂ ਇਹ ਪਤਾ ਲਗਾਉਣ ਕਿ ਉਸ ਬੰਦੇ ਦੇ ਘਰ ਸ਼ਰਾਬ, ਮੀਟ, ਅੰਡੇ ਤਮਾਕੂ ਆਦਿ ਦਾ ਸੇਵਨ ਤਾਂ ਨਹੀਂ ਕੀਤਾ ਜਾਂਦਾ ? ਕਿਤੇ ਇਹ ਚੀਜਾਂ ਪਾਤਸ਼ਾਹ ਜੀ ਦੀ ਸ਼ਾਨ ਦੇ ਖਿਲਾਫ਼, ਉਸਦੇ ਘਰੇ ਹੀ ਤਾਂ ਨਹੀਂ ਪਈਆਂ ਹੋਈਆਂ ? ਉਹ ਸੱਜਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਵੀ ਮੰਨਦਾ ਹੈ ਕਿ ਨਹੀਂ ਕਿਸੇ ਦੇਹ ਧਾਰੀ ਕੱਚੇ,ਪਖੰਡੀ ਗੁਰੂ ਦਾ ਸੇਵਕ ਤਾਂ ਨਹੀਂ ? ਜੇ ਉਹ ਕਿਸੇ ਹੋਰ ਦਾ ਸੇਵਕ ਹੈ ਤਾਂ ਉਸਦੇ ਘਰ ਪਾਤਸ਼ਾਹ ਜੀ ਦੀ ਸਵਾਰੀ ਲੈ ਕੇ ਜਾਣਾ ਖਤਰੇ ਦੀ ਘੰਟੀ ਹੈ। ਜੇਕਰ ਕਿਸੇ ਦੁਨਿਆਵੀ ਵੱਡੇ ਅਫਸਰ ਨੇ ਕਿਸੇ ਥਾਂ ਦਾ ਦੌਰਾ ਕਰਨਾ ਹੋਵੇ ਤਾਂ ਉਸਦੀ ਸੁਰੱਖਿਆ ਕਰਨ ਵਾਲੇ ਅਹਿਲਕਾਰ (Security Staff) ਪਹਿਲਾਂ ਆਪ ਬੜੀ ਗਹੁ ਨਾਲ ਸਾਰੇ ਰਸਤੇ ਦੀ ਛਾਨ-ਬੀਨ ਕਰਦੇ ਹਨ। ਪ੍ਰੰਤੂ ਜੁਗੋ ਜੁਗ ਅਟੱਲ ਸਤਿਗੁਰੂ ਜੀ ਦੇ ਆਗਮਨ ਸਮੇਂ ਅਜਿਹੇ ਢੁਕਵੇਂ ਪ੍ਰਬੰਧ ਕਿਉਂ ਨਹੀਂ ਕੀਤੇ ਜਾਂਦੇ ? ਰਸਤੇ ਵਿਚ ਚਿੱਕੜ, ਗੰਦ ਜਾਂ ਪਾਣੀ ਖੜ੍ਹਾ ਹੋਵੇ ਜਾਂ ਪਾਤਸ਼ਾਹ ਜੀ ਦੀ ਬੇਅਦਬੀ ਦਾ ਕਿਸੇ ਹੋਰ ਤਰ੍ਹਾਂ ਦਾ ਖਦਸਾ ਹੋਵੇ। ਪੂਰੀ ਗੁਰਮਤਿ ਮਰਿਆਦਾ ਨਾਲ ਹੀ ਪਾਤਸ਼ਾਹ ਜੀ ਦੀ ਸਵਾਰੀ ਜਾਵੇ ਤੇ ਕੇਵਲ ਭੈ-ਭਾਵਨੀ ਵਾਲੇ ਯੋਗ-ਸੇਵਕਾਂ ਦੇ ਹੀ ਘਰੀਂ ਜਾਵੇ।

ਜਿਸ ਕਮਰੇ ਵਿੱਚ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਖੇ ਸਮਾਗਮ ਚਲ ਰਿਹਾ ਹੋਵੇ, ਉਸ ਥਾਂ ਤੇ ਸੰਗਤਾਂ ਨੂੰ ਚਾਹ ਬਿਸਕੁਟ ਆਦਿ ਛਕਾਉਣਾ ਠੀਕ ਨਹੀਂ। ■ ■ ■ ■



www.AKJ.Org

ਪਿੰਡ ਘੁਦੂੱਵਾਲਾ ਡਾਕਖਾਨਾ ਮੱਖੂ (ਫਿਰੋਜ਼ਪੁਰ) ਵਿਖੇ ਅਖੰਡ ਪਾਠ ਤੇ ਕੀਰਤਨ ਸਮਾਗਮ।

ਬੀਬੀ ਰਜਿੰਦਰ ਕੌਰ ਸਪੁੱਤਰੀ ਸ੍ਰ: ਪਿਆਰਾ ਸਿੰਘ ਦੇ ਗ੍ਰਹਿ ਵਿਖੇ 14-10-97 ਤੋਂ 16-10-97 ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਦੁਪਹਿਰ ਤੱਕ ਅਖੰਡ ਕੀਰਤਨ ਸਮਾਗਮ ਸਜਣਗੇ।

## ਗੁਰਬਾਣੀ ਕੰਠ ਅਤੇ ਕੀਰਤਨ ਮੁਕਾਬਲੇ

ਪਿਛਲੇ ਸਾਲਾਂ ਦੀ ਤਰਾਂ ਇਸ ਸਾਲ ਵੀ ਸੰਗਰੂਰ ਵਿਖੇ ਸਕੂਲਾਂ, ਕਾਲਜਾਂ ਵਿੱਚ ਪੜ੍ਹਦੇ ਅੰਮ੍ਰਿਤ ਧਾਰੀ ਵਿਦਿਆਰਥੀਆਂ ਲਈ ਗੁਰਬਾਣੀ, ਕੰਠ, ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਕੀਰਤਨ ਮੁਕਾਬਲੇ ਕਰਵਾਏ ਜਾ ਰਹੇ ਹਨ। ਜੇਤੂ ਵਿਦਿਆਰਥੀਆਂ ਨੂੰ ਨਕਦ ਇਨਾਮ ਦਿੱਤੇ ਜਾਣਗੇ। ਬਿਨੈ ਪੱਤਰ ਭੇਜਣ ਦੀ ਆਖਰੀ ਮਿਤੀ 10.10.1997 ਹੈ। ਸਿਲੇਬਸ ਅਤੇ ਹੋਰ ਸਬੰਧਤ ਜਾਣਕਾਰੀ ਪ੍ਰਾਪਤ ਕਰਨ ਲਈ ਚੇਅਰਮੈਨ, ਭਾ: ਉਜਾਗਰ ਸਿੰਘ ਖਾਲਸਾ ਗੁਰਮਤਿ ਪ੍ਰਚਾਰ ਟ੍ਰਸਟ, ਫਰਵਾਲੀ, ਜ਼ਿਲ੍ਹਾ ਸੰਗਰੂਰ ਪਿੰਨ ਕੋਡ 148020 ਨਾਲ ਸੰਪਰਕ ਕਰੋ।

## ਰਿਸ਼ਤੇ ਨਾਤੇ ਕਾਲਮ ਸੰਬੰਧੀ ਜ਼ਰੂਰੀ ਸੂਚਨਾ

ਇਸ ਕਾਲਮ ਵਿਚ ਛਪਵਾਉਣ ਲਈ ਕੇਵਲ ਪੰਜਵਾਂ ਕਕਾਰ 'ਕੇਸਕੀ' ਸਜਾਉਣ ਵਾਲੀਆਂ ਬੀਬੀਆਂ ਅਤੇ ਕੇਸਕੀਧਾਰੀ ਬੀਬੀਆਂ ਨਾਲ ਰਿਸ਼ਤਾ ਕਰਾਉਣ ਦੇ ਇੱਛਕ ਸਿੰਘ ਹੀ ਆਪਣੇ ਵੇਰਵੇ ਭੇਜੋ ਜੀ।

## ਸੂਚਨਾ

ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ ਭੇਟਾ ਰਹਿਤ ਹਾਸਲ ਕਰਨ ਲਈ ਅਤੇ ਬਿਰਧ ਸਰੂਪ, ਗੁਟਕੇ ਤੇ ਪੋਥੀਆਂ ਦੀ ਅਦਬ ਸਤਿਕਾਰ ਸਹਿਤ ਅਗਨ ਭੇਟ ਸੇਵਾ ਵਾਸਤੇ ਹੇਠ ਲਿਖੇ ਪਤੇ ਤੇ ਸੰਪਰਕ ਕਰੋ ਜੀ।

ਗੁਰਦੁਆਰਾ ਪ੍ਰਭੂ ਸਿਮਰਨ ਕੇਂਦਰ Ph. 456575
ਛੋਟੀ ਜਵੱਦੀ (ਨੇੜੇ) ਮਾਡਲ ਟਾਊਨ ਐਕਸਟੈਂਸ਼ਨ) ਲੁਧਿਆਣਾ।

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਬਾਬਾ ਗੰਗਾ ਸਿੰਘ ਚੰਡੀਗੜ੍ਹ- | ੫੦੦/- | ਸੁਮਿੰਦਰ ਸਿੰਘ ਮੋਹਾਲੀ- | ੧੦੫/- |
| ਭਾਈ ਸੂਰਤ ਸਿੰਘ ਅੰਮ੍ਰਿਤਸਰ- | ੫੦੦/- | ਗੁਪਤ- | ੫੦/- |
| ਗੁਪਤ- | ੩੦੦/- | | |

## ਫਰੀ ਲਿਟਰੇਚਰ ਫੰਡ ਲਈ ਪੁੱਜੀ ਸਹਾਇਤਾ

| | | | |
|---|---|---|---|
| ਅਮਰਜੀਤ ਸਿੰਘ ਲੁਧਿਆਣਾ- | ੫੦੦/- | ਸ੍ਰ: ਲਛਮਣ ਸਿੰਘ ਜਗਰਾਉਂ- | ੫੦/- |
| ਗੁਪਤ- | ੫੦੦/- | ਸ੍ਰ: ਰਵਿੰਦਰ ਪਾਲ ਸਿੰਘ- | ੧੦੦/- |

## ਅਤਿ ਜ਼ਰੂਰੀ ਬੇਨਤੀ

1. ਕਿਸੇ ਵੀ ਤਰਾਂ ਦੇ ਚਿੱਠੀ, ਪੱਤਰ, ਜਾਂ ਹੋਰ ਛਪਣ ਸਮੱਗਰੀ ਭੇਜਣ ਸਮੇਂ ਆਪਣਾ ਨਾਮ ਅਤੇ ਪੂਰਾ ਪਤਾ ਸਾਫ਼ ਸਪਸ਼ਟ ਲਿਖੋ ਜੀ। ਨਾਮ ਪਤੇ ਤੋਂ ਬਗੈਰ ਕਿਸੇ ਵੀ ਪੱਤਰ ਤੇ ਵਿਚਾਰ ਨਹੀਂ ਹੋਵੇਗੀ ਜੀ।
2. ਕੋਈ ਵੀ ਚਿੱਠੀ ਪੱਤਰ ਜਾਂ ਰਚਨਾ ਸਾਫ਼ ਸਪਸ਼ਟ ਲਿਖਾਈ ਵਿਚ ਲਿਖ ਕੇ ਭੇਜੋ ਜੀ ਤਾਂ ਕਿ ਸਮਝਣ ਵਿਚ ਕੋਈ ਭੁਲੇਖਾ ਨਾ ਲੱਗੇ।

## ਜ਼ਰੂਰੀ ਸੂਚਨਾ

ਸਾਰੇ ਪਾਠਕਾਂ ਪ੍ਰਤੀ ਬੇਨਤੀ ਹੈ ਕਿ ਕਿਸੇ ਵੀ ਤਰਾਂ ਦਾ ਚਿੱਠੀ ਪੱਤਰ ਭੇਜਣ ਸਮੇਂ ਵਧੇ ਹੋਏ ਡਾਕ ਖਰਚ ਦਰ ਅਨੁਸਾਰ ਪੂਰੀਆਂ ਟਿਕਟਾਂ ਲਗਾ ਕੇ ਭੇਜੋ ਜੀ। ਬੈਰੰਗ (ਬਿਨਾਂ ਟਿਕਟ ਤੋਂ) ਜਾਂ ਘੱਟ ਟਿਕਟਾਂ ਲੱਗੇ ਪੱਤਰ ਸੂਰਾ ਦਫ਼ਤਰ ਵੱਲੋਂ ਪ੍ਰਾਪਤ ਨਹੀਂ ਕੀਤੇ ਜਾਣਗੇ।

## ਯੂ. ਕੇ. ਵਿਚ ਮੋਖ ਰਹਿਤ ਗੁਰਮਤਿ ਦੀਆਂ ਪੁਸਤਕਾਂ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਅਤੇ ਹੋਰ ਗੁਰਮਤਿ ਦੀਆਂ ਮੋਖ ਰਹਿਤ ਪੁਸਤਕਾਂ ਡਾਕ ਖਰਚ ਭੇਜ ਕੇ ਹੇਠ ਲਿਖੇ ਪਤੇ ਤੋਂ ਮੰਗਵਾਂ ਕੇ ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ ਜੀ।

ਭਾਈ ਮਦਨ ਸਿੰਘ 11-AApollo Way PERRYBARR BIRMINGHIM-20(U.K.)

www.AKJ.Org

## ਚੰਡੀਗੜ੍ਹ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਹਰ ਸਾਲ ਦੀ ਤਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਪਹਿਲੇ ਪ੍ਰਕਾਸ਼ ਪੁਰਵ' ਦੇ ਸਬੰਧ ਵਿਚ ਕੇਂਦਰੀ ਕੀਰਤਨ ਸਮਾਗਮ ਤੇ ਅੰਮ੍ਰਿਤ ਸੰਚਾਰ ਸਮਾਗਮ 4 ਸਤੰਬਰ ਸਵੇਰ ਤੋਂ 7 ਸਤੰਬਰ ਸਵੇਰ ਤੱਕ ਗੁ: ਸਾਹਿਬ ਸੈਕਟਰ 34 ਵਿਖੇ ਹੋਣਗੇ। ਵੇਰਵੇ ਸਹਿਤ ਪ੍ਰੋਗਰਾਮ ਸੂਰਾ ਅਗਸਤ 97 ਵਿਚ ਛਪ ਚੁੱਕਾ ਹੈ ਜੀ।

ਬਟਾਲਾ ਵਿਖੇ ਸਾਲਾਨਾ ਸਮਾਗਮ 11 ਸਤੰਬਰ ਸਵੇਰ ਤੋਂ 14 ਸਤੰਬਰ ਸਵੇਰ ਤੱਕ । ਵੇਰਵਾ ਪਿਛਲੇ ਅੰਕ ਵਿਚ ਦੇਖੋ।

## ਮਾਸਿਕ ਰੈਣਿ ਸਬਾਈ ਕੀਰਤਨ

ਗੁ: ਅਕਾਲੀ ਵਾਲਾ ਨਾਰੰਗਵਾਲ ਲੁਧਿਆਣਾ ਵਿਖੇ ਭਾਈ ਨਰਾਇਣ ਸਿੰਘ ਜੀ ਦੀ ਯਾਦ ਵਿਚ 13 ਸਤੰਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਦੁਪਹਿਰ ਤੱਕ ਕੀਰਤਨ ਅਤੇ ਰਾਤ ਨੂੰ ਰੈਣਿ ਸਬਾਈ ਕੀਰਤਨ।

## ਭਾਈ ਨਰੰਤਰ ਸਿੰਘ ਜੀ ਅੰਬਾਲਾ ਦੀ ਸਾਲਾਨਾ ਯਾਦ ਵਿਚ ਅਖੰਡ ਕੀਰਤਨ

ਆਪ ਜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਤਿ ਨਿਕਟਵਰਤੀ ਸਾਥੀਆਂ ਵਿਚੋਂ ਇਕ ਸਨ। ਅੰਤਮ ਸਵਾਸਾਂ ਤੱਕ ਗੁਰਸਿਖੀ ਜੀਵਨ ਜੀਉਂਦੇ ਹੋਏ ਆਪ ਪਿਛਲੇ ਸਾਲ ਗੁਰੂ ਚਰਨਾਂ ਵਿਚ ਜਾ ਬਿਰਾਜੇ। ਆਪ ਜੀ ਸਾਲਾਨਾ ਯਾਦ ਵਿਚ 14 ਸਤੰਬਰ ਸਵੇਰੇ 7 ਤੋਂ 12 ਵਜੇ ਤੱਕ ਅਖੰਡ ਕੀਰਤਨ ਸਮਾਗਮ ਗੁ: ਸਾਹਿਬ ਮੇਨ ਰੋਡ ਡੇਰਾ ਬੱਸੀ (ਅੰਬਾਲਾ ਚੰਡੀਗੜ੍ਹ ਰੋਡ) ਵਿਖੇ ਹੋਣਗੇ।

ਪਿੰਡ ਮੰਗਵਾਲ (ਸੰਗਰੂਰ) ਵਿਖੇ ਰੈਣਿ ਸਬਾਈ ਕੀਰਤਨ 20 ਸਤੰਬਰ 1997 ਰਾਤ ਨੂੰ ਸੰਗਤਾਂ ਨੂੰ ਲਿਜਾਣ ਦਾ ਪ੍ਰਬੰਧ ਬੱਸ ਸਟੈਂਡ ਸੰਗਰੂਰ ਵਿਖੇ ਸ਼ਾਮ 4 ਵਜੇ ਤੋਂ 9 ਵਜੇ ਤੱਕ ਹੋਵੇਗਾ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਸਬੰਧੀ ਰੈਣਿ ਸਬਾਈ ਕੀਰਤਨ

ਗੁ: ਸਾਹਿਬ ਪਾ: ੬ ਬਸਤੀ ਸੇਖ ਜਲੰਧਰ ਵਿਖੇ 20 ਸਤੰਬਰ ਰਾਤ ਨੂੰ ਰੈਣਿ ਸਬਾਈ ਕੀਰਤਨ ਹੋਣਗੇ।

## ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਗੱਦੀ ਪੁਰਬ ਤੇ ਲੁਧਿਆਣਾ ਵਿਖੇ ਰੈਣਿ ਸਬਾਈ ਕੀਰਤਨ

ਗੁ: ਸਾਹਿਬ ਪਿੰਡ ਸੰਗੋਵਾਲ (ਲੁਧਿਆਣਾ) ਵਿਖੇ 20 ਸਤੰਬਰ ਨੂੰ ਕੀਰਤਨ ਅਖਾੜੇ ਸਜਣਗੇ।

## ਭਾਈ ਆਤਮਾ ਸਿੰਘ ਜੀ ਦੀ ਸਾਲਾਨਾ ਯਾਦ ਵਿਚ ਅਖੰਡ ਕੀਰਤਨ ਸਮਾਗਮ

T ਗੁ: ਪੰਜੋਖਰਾ ਸਾਹਿਬ (ਅੰਬਾਲਾ) ਵਿਖੇ 25 ਤੋਂ 27 ਸਤੰਬਰ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ਦੁਪਹਿਰ ਤੱਕ। ਸ਼ਾਮ ਨੂੰ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ।

## ਕਾਨਪੁਰ ਦੇ ਸ਼ਹੀਦਾਂ ਦੀ ਯਾਦ ਵਿਚ ਰੈਣਿ ਸਬਾਈ ਕੀਰਤਨ ਲੁਧਿਆਣਾ ਵਿਖੇ

ਗੁ: ਦੁਖ ਨਿਵਾਰਨ ਸਾਹਿਬ ਫੀਲਡ ਗੰਜ ਲੁਧਿਆਣਾ ਵਿਖੇ 27 ਸਤੰਬਰ ਸ਼ਾਮ 7 ਵਜੇ ਤੋਂ 28 ਸਤੰਬਰ ਸਵੇਰੇ 4 ਵਜੇ ਤੱਕ ਕੀਰਤਨ ਅਖਾੜੇ ਸਜਣਗੇ।

## ਪਿੰਡ ਦਿਆਲਪੁਰ (ਜਲੰਧਰ) ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਗੁ: ਹਲਟੀ ਵਾਲਾ ਦਿਆਲਪੁਰ ਵਿਖੇ 25 ਤੋਂ 27 ਸਤੰਬਰ ਸਵੇਰ ਤੱਕ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਦੁਪਹਿਰ ਤੱਕ ਅਖੰਡ ਕੀਰਤਨ ਸਮਾਗਮ ਅਤੇ ਸ਼ਾਮ ਨੂੰ ਸੋਦਰ ਉਪ੍ਰੰਤ ਰੈਣਿ ਸਬਾਈ ਕੀਰਤਨ ਹੋਣਗੇ। ਆਇ ਦੀਦਾਰ ਬਖਸ਼ੋ ਜੀ।

## ਲੁਧਿਆਣਾ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਤੇ ਕੀਰਤਨ ਸਮਾਗਮ

1. ਭਾਈ ਗੋਪਾਲ ਸਿੰਘ ਭਾਈ ਸੁਖਜਿੰਦਰ ਸਿੰਘ ਦੇ ਗ੍ਰਿਹ 80 ਨਿਊ ਲਾਜਪਤ ਨਗਰ (ਨੇੜੇ ਮਾਡਲ ਗ੍ਰਾਮ) ਵਿਖੇ 3 ਅਕਤੂਬਰ ਅੰਮ੍ਰਿਤ ਵੇਲੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ਸਵੇਰੇ 7 ਵਜੇ ਤੱਕ। Tel 404045
2. 5 ਅਕਤੂਬਰ ਸਵੇਰੇ 7 ਤੋਂ 12 ਵਜੇ ਤਕ ਅਖੰਡ ਕੀਰਤਨ ਸਮਾਗਮ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ।

## ਦਿੱਲੀ ਵਿਖੇ ਸਾਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ

8-10-97 ਬੁਧਵਾਰ ਸ਼ਾਮ 7 ਤੋਂ 9 ਵਜੇ ਤੱਕ ਅਖੰਡ ਕੀਰਤਨ ਗੁ: ਸਿੰਘ ਸਭਾ ਕਰੋਲ ਬਾਗ ਵਿਖੇ।

9-10-97 ਵੀਰਵਾਰ ਸਵੇਰੇ 5 ਵਜੇ ਤੋਂ ਦੁਪਹਿਰ ਤੱਕ ਅਖੰਡ ਕੀਰਤਨ ਗੁ: ਸੀਸ ਗੰਜ ਚਾਂਦਨੀ ਚੌਂਕ ਵਿਖੇ।
ਸ਼ਾਮ 7 ਤੋਂ 9 ਵਜੇ ਤੱਕ ਗੁ: ਨਾਨਕ ਪਿਆਓ ਵਿਖੇ।

10-10-97 ਸ਼ੁਕਰਵਾਰ ਸਵੇਰੇ 5 ਵਜੇ ਤੋਂ ਦੁਪਹਿਰ ਤੱਕ ਗੁ: ਬੰਗਲਾ ਸਾਹਿਬ ਵਿਖੇ ਅਖੰਡ ਕੀਰਤਨ।
ਸ਼ਾਮ 7 ਤੋਂ 9 ਤੱਕ ਗੁ: ਬੰਗਲਾ ਸਾਹਿਬ ਵਿਖੇ ਅਖੰਡ ਕੀਰਤਨ।

11-10-97 ਸ਼ਨੀਵਾਰ ਸਵੇਰੇ 5 ਵਜੇ ਤੋਂ ਦੁਪਹਿਰ ਤੱਕ ਗੁ: ਬੰਗਲਾ ਸਾਹਿਬ ਵਿਖੇ ਅਖੰਡ ਕੀਰਤਨ।
ਸ਼ਾਮ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਗੁ: ਰਕਾਬ ਗੰਜ ਸਾਹਿਬ ਵਿਖੇ।

ਅੰਮ੍ਰਿਤ ਸੰਚਾਰ:- 11-10-97 ਸ਼ਾਮ 7 ਵਜੇ ਗੁ: ਰਕਾਬ ਗੰਜ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਆਰੰਭ ਹੋਣਗੇ।

ਰਿਹਾਇਸ਼ ਤੇ ਲੰਗਰ:- ਗੁਰੂ ਤੇਗ ਬਹਾਦਰ ਖਾਲਸਾ ਸੀ: ਸੈਕੰਡਰੀ ਸਕੂਲ ਦੇਵ ਨਗਰ ਕਰੋਲ ਬਾਗ ਨਵੀਂ ਦਿੱਲੀ ਵਿਖੇ।



www.AKJ.Org